
# ਸੁਖਪਾਲ ਥਿੰਦ ਦਾ
# ਸ.ਫਰਨਾਮਾ ਸੰਸਾਰ




ਸੰਪਾਦਕ: ਡਾ. ਬਲਕਾਰ ਸਿੰਘ

*Travelogue*

# *Sukhpal Thind Da Safarnama Sansaar*

*by*


**Dr. Sukhpal Singh Thind**

Associate Professor (Punjabi)

N.J.S.A. Govt. College, Kapurthala

Mobile : 9888521960

Email : sukhpalthind@yahoo.com


*Edited by*


**Dr. Balkar Singh**

Associate Professor (Punjabi)

Punjab University Regional Centre, Mukatsar

Mobile : 9915903445



2010

Published by Lokgeet Parkashan

S.C.O. 26-27, Sector 34 A, Chandigarh-160022

Ph.0172-5077427, 5077428

Punjabi Bhawan Ludhiana,

98154-71219

*visit us at : www.unistarbooks.com*

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219



© *2010*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


- ਪੂਰਬ ਅਤੇ ਪੱਛਮ ਵਿਚ ਝੂਲਦੀ ਜ਼ਿੰਦਗੀ ਦੀ ਦਾਸਤਾਨ :
  ਲੰਡਨ ਨੂੰ ਮਿਲਦਿਆਂ/ਡਾ. ਬਲਕਾਰ ਸਿੰਘ 13
- ਸੁਖਪਾਲ ਥਿੰਦ ਦੇ ਸਫ਼ਰਨਾਮੇ 'ਲੰਡਨ ਨੂੰ ਮਿਲਦਿਆਂ'
  ਦਾ ਪਾਠ ਤੇ ਉਪ-ਪਾਠ/ਡਾ. ਸੁਰਜੀਤ 20
- ਵਿਚਾਰ-ਗੋਸ਼ਟੀ (ਲੰਡਨ ਨੂੰ ਮਿਲਦਿਆਂ) 31
- ਲੰਡਨ ਦਾ ਬੋਧ: ਲੰਡਨ ਨੂੰ ਮਿਲਦਿਆਂ/ਡਾ. ਸੁਰਜੀਤ ਬਰਾੜ 55
- ਵਾਰਤਕ ਕਲਾ ਜੁਗਤਾਂ ਦੀ ਦਿਲਚਸਪ ਜੁਗਲਬੰਦੀ
  'ਲੰਡਨ ਨੂੰ ਮਿਲਦਿਆਂ'/ਡਾ. ਸ਼ਰਨਜੀਤ ਕੌਰ 63
- 'ਲੰਡਨ ਨੂੰ ਮਿਲਦਿਆਂ' ਵਿਚ ਪੇਸ਼ ਅੰਤਰ-
  ਸਭਿਆਚਾਰਕ ਦਵੰਦ/ਪ੍ਰੋ. ਹਰਜਿੰਦਰ ਸਿੰਘ 70
- ਲੰਡਨ ਨੂੰ ਮਿਲਦਿਆਂ: ਵਿਧਾਗਤ ਪਰਿਪੇਖ/ਡਾ. ਰਾਮ ਮੂਰਤੀ 92
- ਲੰਡਨ ਨੂੰ ਮਿਲਦਿਆਂ : ਇਕ ਅਧਿਐਨ/ਸੀਮਾ 102
- ਕੈਨੇਡਾ : ਇਕ ਬਾਗ ਬਹੁਰੰਗੀ – ਪ੍ਰਵਚਨ ਵਜੋਂ ?/ਮਨਿੰਦਰ ਸਿੰਘ ਕਾਂਗ 114
- ਰੁੱਖੇ-ਫਿੱਕੇ ਤੇ ਸ਼ੋਖ ਰੰਗਾਂ ਦਾ ਗੁੱਲਦਸਤਾ-ਕੈਨੇਡਾ:
  ਇਕ ਬਾਗ ਬਹੁਰੰਗੀ/ਲਾਲ ਸਿੰਘ 119
- ਕੈਨੇਡਾ ਦੇ ਸੁਹਜ ਤੇ ਸਿਸਟਮ ਦਾ ਦਸਤਾਵੇਜ :
  ਥਿੰਦ ਦਾ ਸਫਰਨਾਮਾ/ ਡਾ. ਭੁਪਿੰਦਰ ਕੌਰ 128
- ਵਿਚਾਰ-ਗੋਸ਼ਟੀ (ਕੈਨੇਡਾ : ਇਕ ਬਾਗ ਬਹੁਰੰਗੀ) 136
- ਕੈਨੇਡਾ : ਇਕ ਬਾਗ ਬਹੁਰੰਗੀ"
  ਬਹੁਭਾਂਤੀ ਪ੍ਰਭਾਵਾਂ ਦਾ ਦਸਤਾਵੇਜ਼/ਡਾ. ਲਾਭ ਸਿੰਘ ਖੀਵਾ 148
- ਸੁਖਪਾਲ ਸਿੰਘ ਥਿੰਦ ਦਾ ਸਫ਼ਰਨਾਮਾ
  'ਕੈਨੇਡਾ-ਇਕ ਬਾਗ ਬਹੁਰੰਗੀ : ਇਕ ਪੜ੍ਹਤ/ਡਾ. ਸੁਰਜੀਤ 154
- ਵਿਚਾਰ-ਗੋਸ਼ਟੀ (ਕੈਨੇਡਾ : ਇਕ ਬਾਗ ਬਹੁਰੰਗੀ) 162

## 'ਲੰਡਨ ਨੂੰ ਮਿਲਦਿਆਂ' ਵਿਚ ਪੇਸ਼ ਅੰਤਰ-ਸਭਿਆਚਾਰਕ ਦਵੰਦ

-ਪ੍ਰੋ. ਹਰਜਿੰਦਰ ਸਿੰਘ

ਡਾ. ਸੁਖਪਾਲ ਸਿੰਘ ਥਿੰਦ ਨਵੀਂ ਪੰਜਾਬੀ ਆਲੋਚਨਾ ਦਾ ਮਹੱਤਵਪੂਰਨ ਹਸਤਾਖਰ ਹੈ। ਉਸ ਨੇ ਆਪਣੀ ਪਹਿਲੀ ਪੰਜਾਬੀ ਆਲੋਚਨਾ ਪੁਸਤਕ **ਬਿਰਤਾਂਤ ਸ਼ਾਸਤਰ-ਉੱਤਰ ਆਧੁਨਿਕ ਪਰਿਪੇਖ** (2002) ਨਾਲ ਨਵੀਂ ਪੰਜਾਬੀ ਆਲੋਚਨਾ ਨੂੰ ਨਵੇਂ ਪਾਸਾਰ ਦਿੱਤੇ ਹਨ। ਡਾ. ਥਿੰਦ ਵਿਚ ਇਹ ਵੱਡਾ ਗੁਣਾ ਹੈ ਕਿ ਉਹ ਕਿਸੇ ਸਾਹਿਤਕ ਕਿਰਤ ਦਾ ਮੁਲੰਕਣ ਕਰਨ ਸਮੇਂ ਉਲਾਰ ਨਹੀਂ ਹੁੰਦਾ, ਪੂਰੀ ਨਿਰਪੱਖਤਾ ਅਤੇ ਸੁਹਿਰਦਤਾ ਨਾਲ ਲਿਖਤ ਨੂੰ ਘੋਖਦਾ ਹੈ। ਉਸ ਦੇ ਆਮ ਗੱਲਬਾਤ ਦੇ ਲਹਿਜੇ 'ਚ ਸਹਿਮਤੀ, ਭਾਵੁਕਤਾ-ਉਪਭਾਵੁਕਤਾ ਅਤੇ ਲਚਕ ਹੋ ਸਕਦੀ ਹੈ, ਪਰੰਤੂ ਸਾਹਿਤ ਆਲੋਚਨਾ ਸਮੇਂ ਉਹ ਆਪਣੇ ਵਿਸ਼ਵ ਅਤੇ ਜੀਵਨ ਦ੍ਰਿਸ਼ਟੀਕੋਣ ਤੋਂ ਹੀ ਕਾਰਜ ਲੈਂਦਾ ਹੈ ਪਰ ਉਹ ਆਲੋਚਨਾ ਦੇ ਬਣੇ-ਬਣਾਏ ਸਿਧਾਂਤਾਂ ਨੂੰ ਲਿਖਤ 'ਤੇ ਠੋਸਦਾ ਨਹੀਂ ਸਗੋਂ ਪਾਠ ਨੂੰ ਹੀ ਆਪਣੇ ਸਨਮੁਖ ਰਖਦਾ ਹੈ ਅਤੇ ਉਸ ਵਿਚੋਂ ਹੀ ਸਿਧਾਂਤ ਘੜ੍ਹਦਾ ਹੈ। ਆਪਣੀਆਂ ਇਨ੍ਹਾਂ ਆਲੋਚਨਾਤਮਕ ਖ਼ੂਬੀਆਂ ਕਾਰਨ ਹੀ ਉਹ ਅਜੋਕੀ ਪੰਜਾਬੀ ਦੇ ਸਿਰਕੱਢ ਆਲੋਚਕਾਂ ਦੀ ਕਤਾਰ ਵਿਚ ਆ ਗਿਆ ਹੈ।

ਆਲੋਚਨਾ ਤੋਂ ਇਲਾਵਾ ਡਾ. ਥਿੰਦ ਦੀ ਪਹਿਲੀ ਮੌਲਿਕ ਸਿਰਜਨਾਤਮਕ ਪੁਸਤਕ **'ਲੰਡਨ ਨੂੰ ਮਿਲਦਿਆਂ'** (2003) ਹੈ। ਇਸ ਵਿਚ ਪਹਿਲੀ ਸਿਰਜਨਾਤਮਕ ਲਿਖਤ ਵਾਲੀਆਂ ਤਰੁੱਟੀਆਂ ਘੱਟ ਅਤੇ ਇਕ ਪਰਿਪੱਕ ਸ਼ੈਲੀ ਵਾਲੀਆਂ ਖ਼ੂਬੀਆਂ ਵਧੇਰੇ ਹਨ। ਸਿਰਜਣਾ ਅਤੇ ਆਲੋਚਨਾ ਦੇ ਸਮਤੋਲ ਵਾਲੀ ਇਹ ਲਿਖਤ ਤੀਸਰੇ ਮੁਲਕ ਦੇ ਬਾਸ਼ਿੰਦੇ ਦੀ ਸਵਾ ਮਹੀਨੇ ਦੀ ਇੰਗਲੈਂਡ ਵਿਚਲੇ ਲੰਡਨ, ਲੀਡਜ਼, ਸਾਊਥਾਲ ਆਦਿ ਦੇ ਭ੍ਰਮਣ 'ਚੋਂ ਉਪਜੇ ਪ੍ਰਤੀਕਰਮਾਂ, ਯਾਦਾਂ, ਦੋਸਤੀਆਂ ਦੀ ਪੇਸ਼ਕਾਰੀ ਹੈ। ਇਸ ਵਿਚ ਦੋ ਸਭਿਆਚਾਰਾਂ ਦੀ ਤੁਲਨਾ, ਜ਼ਿੰਦਗੀ ਦੇ ਚੰਗੇ ਮਾੜੇ-ਤਕਾਜ਼ਿਆਂ ਨੂੰ ਰੋਚਿਕ ਸ਼ੈਲੀ, ਤਿੱਖੀਆਂ ਟੋਕਾਂ, ਰੁਮਾਂਟਿਕ ਅਤੇ ਚੁਸਤ ਫਿਕਰੇਬਾਜੀ ਰਾਹੀਂ ਪੇਸ਼ ਕੀਤਾ ਗਿਆ ਹੈ। ਅੱਖਾਂ ਅੱਗੇ ਦ੍ਰਿਸ਼ ਸਿਰਜ ਦੇਣੇ ਅਤੇ ਪਾਠਕ ਨੂੰ ਬੰਨ੍ਹ ਕੇ ਰੱਖਣ ਦੀ ਸ਼ੈਲੀ ਇਸ ਲਿਖਤ ਦਾ ਇਕ ਵੱਡਾ ਪੱਖ ਹੈ। ਇਸ ਰਚਨਾ ਨਾਲ ਡਾ. ਥਿੰਦ ਸਮਕਾਲੀ ਪੰਜਾਬੀ ਸਫ਼ਰਨਾਮੇ ਦੇ ਨਵੇਂ ਪਾਸਾਰ ਸਿਰਜਦਾ ਨਜ਼ਰ ਆਉਂਦਾ ਹੈ। ਇਸ ਰਚਨਾ ਤੋਂ ਇਲਾਵਾ ਡਾ. ਥਿੰਦ ਦਾ ਇਕ ਹੋਰ ਸਫ਼ਰਨਾਮਾ 'ਕੈਨੇਡਾ : ਇਕ ਬਾਗ ਬਹੁਰੰਗੀ' (2005) ਹੈ ਜੋ ਉਹਨਾਂ ਦੀ

ਕੈਨੇਡਾ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਭਾਗ ਲੈਣ ਸਮੇਂ ਦੇ ਬਿਰਤਾਂਤ ਨਾਲ ਸੰਬੰਧਿਤ ਹੈ।

ਮੈਂ ਆਪਣੇ ਖੋਜ-ਕਾਰਜ ਦਾ ਮਰਕਜ਼ **'ਲੰਡਨ ਨੂੰ ਮਿਲਦਿਆਂ'** ਨੂੰ ਹੀ ਬਣਾਇਆ ਹੈ। ਕਿਉਂਕਿ ਇਹ ਸਫ਼ਰਨਾਮਾ ਪੰਰਪਰਾਈ ਸਫ਼ਰਨਾਮੇ ਦੀ ਸੀਮਾ ਨੂੰ ਉਲੰਘ ਕੇ ਉੱਤਰ-ਆਧੁਨਿਕ ਮਨੁੱਖ ਦੇ ਮਸਲਿਆਂ, ਦਵੰਦਾਂ ਵੱਲ ਰੁਚਿਤ ਹੈ। ਅਜਿਹੀ ਖੂਬੀ ਕਾਰਨ ਹੀ ਇਹ ਸਫ਼ਰਨਾਮਾ ਸਮਕਾਲੀ ਦੌਰ ਦੇ ਮਹੱਤਵਪੂਰਨ ਸਫ਼ਰਨਾਮਿਆਂ ਵਿਚ ਆਪਣਾ ਨਿਵੇਕਲਾ ਸਥਾਨ ਰੱਖਦਾ ਹੋਇਆ ਵਰਿਆਮ ਸੰਧੂ ਦੇ **ਪਰਦੇਸੀ ਪੰਜਾਬ** ਅਤੇ ਪ੍ਰੋ. ਬਲਦੇਵ ਸਿੰਘ ਦੇ **ਮੋਤੀਆਂ ਦੀ ਚੋਗ** ਨਾਲ ਜਾ ਬਰ ਮੇਚਦਾ ਹੈ। ਡਾ. ਸੁਖਵਿੰਦਰ ਸਿੰਘ ਰੰਧਾਵਾ ਦਾ ਇਹ ਕਹਿਣਾ ਠੀਕ ਹੈ ਕਿ ਸੁਖਪਾਲ ਥਿੰਦ ਦੇ ਸਫ਼ਰਨਾਮੇ ਦੀ ਇਸ ਸਬੰਧ ਵਿਚ ਰੇਲਵੇਂਸ ਬਹੁਤ ਜ਼ਿਆਦਾ ਹੈ ਕਿ ਇਹ ਕੇਵਲ ਬੁੱਧੀਜੀਵੀਆਂ ਜਾਂ ਸਾਹਿਤਕਾਰਾਂ ਲਈ ਲਿਖਿਆ ਸਫ਼ਰਨਾਮਾ ਹੀ ਨਹੀਂ ਸਗੋਂ ਆਮ ਸਧਾਰਨ ਬੰਦਿਆਂ ਲਈ ਵੀ ਹੈ। ਇਹ ਰਚਨਾ ਬੰਦੇ ਨੂੰ ਸੰਘਰਸ਼ ਕਰਨ ਲਈ ਪ੍ਰੇਰਦੀ ਹੈ। ਸੰਘਰਸ਼ ਇਸ ਰਚਨਾ ਦੇ ਕੇਂਦਰ ਵਿਚ ਹੈ। ਇਹ ਸੰਘਰਸ਼ ਲੇਖਕ ਦਾ ਵੀ ਹੈ, ਉਸਦੀ ਭੈਣ ਦਲਬੀਰ ਦਾ ਵੀ ਹੈ। ਉਸ ਨੂੰ ਡਿਕਟੇਸ਼ਨ ਹੋ ਰਹੀ ਹੈ। ਇਹ ਡਿਕਟੇਸ਼ਨ ਰਾਜਿੰਦਰ ਵਰਗੇ ਮੁੰਡੇ ਲਈ ਵੀ ਹੈ। ਉਸਦਾ ਸੰਘਰਸ਼ ਵੱਖਰੀ ਤਰ੍ਹਾਂ ਦਾ ਹੈ। ਮੈਂ ਜਿਹੜੀ ਗੱਲ ਬੜੇ ਜ਼ੋਰ ਨਾਲ ਕਹਿਣੀ ਆ ਉਹ ਇਹ ਹੈ ਕਿ ਇਸ ਪੁਸਤਕ ਵਿਚ ਸੁਖਪਾਲ ਇਕ ਗਲਪਕਾਰ ਦੇ ਤੌਰ 'ਤੇ ਬਹੁਤ ਖ਼ੂਬਸੂਰਤੀ ਨਾਲ ਉਭਰਿਆ ਹੈ। ਉਸ ਨੇ ਬਿਰਤਾਂਤ-ਸ਼ਾਸਤ੍ਰ ਵਿਚ ਵੀ ਕੰਮ ਕੀਤਾ ਹੈ। ਸਿਧਾਂਤ ਦੇ ਤੌਰ 'ਤੇ ਹੋਰ ਗੱਲ ਹੁੰਦੀ ਵਾ। ਪਰ ਵਿਹਾਰ ਵਿਚ ਵੀ ਇਉਂ ਉਭਰਨਾ ਅਤੇ ਇਸ ਤਰ੍ਹਾਂ ਦੀ ਭਾਸ਼ਾ ਕ੍ਰੀਏਟ ਕਰਨੀ ਉਸ ਦੀ ਪ੍ਰਾਪਤੀ ਹੈ। ਬਾਕੀ ਵਿਧਾਵਾਂ ਬਦਲਦੀਆਂ ਰਹਿੰਦੀਆਂ ਨੇ। ਵਰਿਆਮ ਦੇ, ਬਲਦੇਵ ਦੇ, ਸੁਖਪਾਲ ਦੇ ਸਫ਼ਰਨਾਮੇ ਨਾਲ ਇਹ ਵਿਧਾ ਬਦਲੀ ਆ।[13] ਜਿਸ ਤਰ੍ਹਾਂ ਡਾ. ਰੰਧਾਵਾ ਨੇ ਇਸ ਸਫ਼ਰਨਾਮੇ ਬਾਰੇ ਗੱਲਬਾਤ ਕਰਦਿਆਂ ਸੰਘਰਸ਼ ਨੂੰ ਕੇਂਦਰ ਵਿਚ ਰੱਖਿਆ ਹੈ ਇਸ ਤਰ੍ਹਾਂ ਡਾ. ਸੁਰਜੀਤ ਬਰਾੜ ਵੀ ਸੰਘਰਸ਼ ਨੂੰ ਇਸ ਰਚਨਾ ਦਾ ਕੇਂਦਰੀ ਮੋਟਿਫ਼ ਆਖਦਾ ਹੈ।[14] ਮੈਂ ਵੀ ਇਸ ਰਚਨਾ ਦਾ ਅਧਿਐਨ ਕਰਨ ਤੋਂ ਬਾਅਦ ਇਹਨਾਂ ਵਿਦਵਾਨਾਂ ਦੀ ਗੱਲ ਨਾਲ ਸਹਿਮਤ ਹਾਂ ਕਿ ਸੰਘਰਸ਼ ਇਸ ਰਚਨਾ ਦਾ ਮੂਲ ਸਰੋਕਾਰ ਹੈ, ਇਥੋਂ ਤਕ ਕਿ ਇਹ ਰਚਨਾ ਹੀ ਸੰਘਰਸ਼ ਤੋਂ ਸੰਘਰਸ਼ ਤਕ ਦੀ ਯਾਤਰਾ ਦਾ ਬਿਰਤਾਂਤ ਹੈ। ਇਸ ਰਚਨਾ ਵਿਚ ਲੇਖਕ ਦਾ ਖੁਦ ਵੀਜ਼ਾ ਪ੍ਰਾਪਤ ਕਰਨ ਤੋਂ ਲੈ ਕੇ ਜਹਾਜ਼ ਚੜ੍ਹਨ ਤੱਕ ਤੇ ਫਿਰ ਲੰਡਨ ਵਿਚਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਪਹੁੰਚਣ ਤੱਕ ਬੇਹੱਦ ਸੰਘਰਸ਼ ਕਰਨਾ ਅਤੇ ਰਚਨਾ ਵਿਚ ਆਏ ਪਾਤਰਾਂ ਦਾ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਲਈ ਸੰਘਰਸ਼ ਕਰਨਾ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿਚ ਰਚਨਾ ਦੇ ਆਰ-ਪਾਰ ਫੈਲਿਆ ਹੋਇਆ ਨਜ਼ਰ ਆਉਂਦਾ ਹੈ।

**ਲੰਡਨ ਨੂੰ ਮਿਲਦਿਆਂ** ਵਿਚ ਡਾ. ਥਿੰਦ ਨੇ ਪਰਵਾਸੀ ਪੰਜਾਬੀ ਭਾਈਚਾਰੇ ਨੂੰ

ਦਰਪੇਸ਼ ਸੰਕਟਾਂ, ਮਜਬੂਰੀਆਂ, ਗੁੰਝਲਾਂ, ਘਾਟਾਂ, ਮਨ ਦੀਆਂ ਦੁਬਿਧਾਵਾਂ ਆਦਿ ਨੂੰ ਬਾਖੂਬੀ ਪੇਸ਼ ਕੀਤਾ ਹੈ। ਲੰਡਨ ਨੂੰ ਮਿਲਦਿਆਂ ਪੜ੍ਹ ਕੇ ਇਹ ਗੱਲ ਪਰਿਪੱਕ ਹੁੰਦੀ ਆ ਕਿ ਉਸ ਕੋਲ ਲੋਕਾਂ ਦੇ ਮਨਾਂ ਅੰਦਰ ਝਾਕ ਸਕਣ ਦੀ ਅੰਤਰ-ਦ੍ਰਿਸ਼ਟੀ ਹੈਗੀ ਆ। ਉਹ ਭਾਵੇਂ ਦਲਬੀਰ ਦੇ ਮਾਧਿਅਮ ਰਾਹੀ ਰਿਸ਼ਤਿਆਂ ਦੇ ਤਿੜਕਣ ਦੀ ਗੱਲ ਕਰ ਰਿਹਾ ਹੋਵੇ, ਭਾਵੇਂ ਫ੍ਰੈਂਡ ਫੁੱਫੜ ਦੇ ਜਲਵੇ ਦੀ ਗੱਲ ਕਰ ਰਿਹਾ ਹੋਵੇ। ਉਸ ਕੋਲ ਇਹ ਸਮਰੱਥਾ ਹੈਗੀ ਆ। ਉਸ ਕੋਲ ਗਲਪ ਦੀ ਟੁੰਬਣ ਵਾਲੀ ਬੜੀ ਜਾਨਦਾਰ ਭਾਸ਼ਾ ਵੀ ਹੈ। ਸਾਡੇ ਸਫ਼ਰਨਾਮੇ ਵਿਚ ਵੱਖ-ਵੱਖ ਵਿਧਾਵਾਂ ਦੀਆਂ ਵੱਖ-ਵੱਖ ਜੁਗਤਾਂ ਨੂੰ ਵਰਤਿਆਂ ਜਾ ਰਿਹਾ ਹੈ। ਇਸ ਵਿਚ ਜੀਵਨੀ ਵੀ ਹੈ। ਸਵੈਜੀਵਨੀ ਵੀ ਹੈ, ਇਹਦੇ ਵਿਚ ਸਫ਼ਰ ਦਾ ਬਿਰਤਾਂਤ ਵੀ ਹੈ। ਇਹਦੇ ਵਿਚ ਸਾਡੀਆਂ ਯਾਦਾਂ ਵੀ ਨੇ, ਸੰਸਮਰਣ ਵੀ ਨੇ। ਕਈ ਕੁਝ ਮਿਲਿਆ ਹੋਇਆ। ਇਸ ਵਿਚ ਗਲਪ ਦੇ ਅੰਸ਼ ਵੀ ਭਰਪੂਰ ਮਾਤਰਾ 'ਚ ਨੇ। ਸੁਖਪਾਲ ਦੇ ਸਫ਼ਰਨਾਮੇ ਵਿਚ ਵੀ ਇਹ ਸਭ ਘੁਲਿਆ-ਮਿਲਿਆ ਹੋਇਆ ਹੈ।[5] ਇਸ ਤਰ੍ਹਾਂ ਇਹ ਸਫ਼ਰਨਾਮਾ ਸਮਕਾਲੀ ਪੰਜਾਬੀ ਸਫ਼ਰਨਾਮੇ ਦੀਆਂ ਪ੍ਰਤੀਨਿਧ ਰਚਨਾਵਾਂ ਵਿਚੋਂ ਇਕ ਅਜਿਹੀ ਰਚਨਾ ਹੈ ਜੋ ਸਫ਼ਰਨਾਮਾ ਵਿਧਾ ਦੀ ਕਸੌਟੀ 'ਤੇ ਖਰੀ ਉਤਰਦੀ ਹੋਈ ਡਾ. ਥਿੰਦ ਨੂੰ ਇਕ ਆਲੋਚਕ ਹੋਣ ਦੇ ਨਾਲ-ਨਾਲ ਇਕ ਮਹੱਤਵਪੂਰਨ ਵਾਰਤਕ ਲੇਖਕ ਵਜੋਂ ਵੀ ਮਾਨਤਾ ਦਿਵਾਉਂਦੀ ਹੈ। ਬੇਸ਼ੱਕ ਇਸ ਰਚਨਾ ਦੇ ਬਹੁ-ਦਿਸ਼ਾਵੀ ਤੇ ਬਹੁ-ਪਸਾਰੀ ਪਰਿਪੇਖ ਹਨ ਪਰ ਮੇਰੇ ਅਧਿਐਨ ਦੀ ਸੀਮਾ ਅੰਦਰ ਇਸ ਰਚਨਾ ਵਿਚ ਪੇਸ਼ ਅੰਤਰ-ਸਭਿਆਚਾਰਕ ਦਵੰਦਾਂ ਦਾ ਪਰਿਪੇਖ ਹੀ ਅਧਿਐਨ ਦੀ ਵਸਤੂ ਬਣਿਆ ਰਹੇਗਾ।

'ਲੰਡਨ ਨੂੰ ਮਿਲਦਿਆਂ' ਸਫ਼ਰਨਾਮੇ ਵਿਚ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਜਿਨ੍ਹਾਂ ਕਾਰਨ ਪਰਵਾਸੀ ਪੰਜਾਬੀ ਅੰਤਰ-ਸਭਿਆਚਾਰਕ ਦਵੰਦਾਂ ਦੇ ਕਰੂਰ ਯਥਾਰਥ ਦੇ ਸਨਮੁਖ ਹਨ। ਪਰਵਾਸੀ ਪੰਜਾਬੀ ਭਾਈਚਾਰਾ ਅੰਤਰ-ਸਭਿਆਚਾਰਕ ਦਵੰਦਾਂ ਦੇ ਸੰਤਾਪ ਨੂੰ ਭੋਗ ਰਿਹਾ ਹੈ। ਬਰਤਾਨੀਆਂ ਵਿਚ ਵਸਦਾ ਪੰਜਾਬੀ ਭਾਈਚਾਰਾ ਆਪਣੀ ਮੂਲ ਪਹਿਚਾਣ ਸਥਾਪਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਆਪਣੀ ਮੂਲ ਪਹਿਚਾਣ ਦੀ ਸਥਾਪਤੀ ਖ਼ਾਤਰ ਵਿੱਢੇ ਸੰਘਰਸ਼ ਦੌਰਾਨ ਉਹ ਇਕੋਂ ਵੇਲੇ ਪਾਰ-ਸਭਿਆਚਾਰਕ ਅਤੇ ਅੰਤਰ-ਸਭਿਆਚਾਰਕ ਦਵੰਦਾਂ ਵਿਚੋਂ ਗੁਜ਼ਰ ਰਿਹਾ ਹੈ। ਇਕ ਪਾਸੇ ਇਹ ਭਾਈਚਾਰਾ ਪੂੰਜੀਵਾਦੀ-ਮੁੱਲ ਵਿਧਾਨ ਵਾਲੇ ਦੇਸ਼ ਵਿਚ ਆਪਣੀ ਵੱਖਰੀ ਪਹਿਚਾਣ ਦੀ ਸਥਾਪਤੀ ਲਈ ਸੰਘਰਸ਼ਸ਼ੀਲ ਹੈ ਅਤੇ ਦੂਜੇ ਪਾਸੇ ਉਸਦੇ ਆਪਣੇ ਮੂਲ ਸਭਿਆਚਾਰਕ ਪਰਿਵੇਸ਼ ਅੰਦਰੋਂ ਇਸ ਪਹਿਚਾਣ ਲਈ ਇਕ ਗੰਭੀਰ ਚੁਣੌਤੀ ਉਭਰਦੀ ਹੈ। ਇਕ ਪਾਸੇ ਤਾਂ ਇਹ ਭਾਈਚਾਰਾ ਮੂਲ ਸਭਿਆਚਾਰਕ ਦਾਇਰੇ ਦੇ ਕੇਂਦਰ ਤੋਂ ਹਾਸ਼ੀਏ ਤੇ ਧੱਕਿਆ ਮਹਿਸੂਸ ਕਰਦਾ ਹੈ ਅਤੇ ਦੂਜੇ ਪਾਸੇ ਨਵੀਂ ਪੀੜ੍ਹੀ ਦੀਆਂ ਪੂੰਜੀਵਾਦੀ ਰੁਚੀਆਂ ਤਹਿਤ ਆਪਣੇ ਹੀ ਘਰ, ਪਰਿਵਾਰ ਅਤੇ ਸਭਿਆਚਾਰਕ ਦਾਇਰੇ ਦੇ ਅੰਦਰੋਂ ਵੀ ਹਾਸ਼ੀਆਗਤ ਹੋਣ ਦਾ ਅਹਿਸਾਸ ਭੋਗ ਰਿਹਾ ਹੈ। ਇਸ ਤਰ੍ਹਾਂ ਦੂਹਰੀ/ਖੰਡਿਤ ਸੀਮਾਵਰਤੀ ਮਾਨਸਿਕਤਾ ਨੂੰ ਭੋਗਦਾ ਇਹ ਭਾਈਚਾਰਾ ਗਹਿਰੇ ਸੰਕਟ ਵਿਚ ਹੈ। ਇਕ

ਪਾਸੇ ਪੂਰਬੀ ਤੇ ਪੱਛਮੀ ਦ੍ਰਿਸ਼ਟੀਕੋਣ ਦੇ ਦਵੰਦ ਪੈਦਾ ਹੋਏ ਹਨ ਅਤੇ ਦੂਜੇ ਪਾਸੇ ਅੰਤਰ-ਸਭਿਆਚਾਰਕ ਸੰਦਰਭ ਵਿਚ ਵਿਅਕਤੀ ਤੇ ਪ੍ਰਬੰਧ ਦਾ ਦਵੰਦ ਪੈਦਾ ਹੁੰਦਾ ਹੈ। ਇਹਨਾਂ ਦਵੰਦਾਂ ਦੇ ਕਾਰਨ ਹੀ ਅੰਤਰ-ਸਭਿਆਚਾਰਕ ਦਵੰਦ ਪੈਦਾ ਹੁੰਦੇ ਹਨ।

ਹਥਲੀ ਰਚਨਾ ਦੇ ਪ੍ਰਸੰਗ ਵਿਚ ਅਸੀਂ ਦੇਖਦੇ ਹਾਂ ਕਿ ਅੰਤਰ-ਸਭਿਆਚਾਰਕ ਦਵੰਦ ਉਦੋਂ ਪੈਦਾ ਹੁੰਦੇ ਹਨ ਜਦੋਂ ਪੱਛਮੀ ਪਦਾਰਥਵਾਦੀ/ਪੂੰਜੀਵਾਦੀ ਜੀਵਨ ਦ੍ਰਿਸ਼ਟੀ ਭਾਰਤੀ ਸਾਮੰਤੀ ਸਮਾਜ ਦੀਆਂ ਮੁੱਢਲੀਆਂ ਇਕਾਈਆਂ ਵਿਅਕਤੀ, ਘਰ-ਪਰਿਵਾਰ ਅਤੇ ਦੂਜੇ ਸਮਾਜਿਕ ਰਿਸ਼ਤਿਆਂ ਨਾਲ ਟਰਕਾਉਂਦੀ ਹੈ। ਪੱਛਮੀ ਪੂੰਜੀਵਾਦੀ/ ਵਿਅਕਤੀਵਾਦੀ ਦ੍ਰਿਸ਼ਟੀ ਸਮੂਹਿਕ ਦੀ ਥਾਂ ਨਿੱਜੀ, ਰਿਸ਼ਤਿਆਂ ਦੀ ਥਾਂ ਪੂੰਜੀ, ਸਾਂਝੇ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ, ਆਰਥਿਕ ਪੱਖੋਂ ਸਵੈ ਨਿਰਭਰ ਔਰਤ ਦੀ ਹਰ ਤਰ੍ਹਾਂ ਦੀ ਸੁਤੰਤਰਤਾ, ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਨੂੰ ਆਜ਼ਾਦੀ, ਸਾਂਭ-ਸੰਭਾਲ ਅਤੇ ਕਾਨੂੰਨੀ ਸੁਰੱਖਿਆ ਆਦਿ ਪੱਛਮੀ ਜੀਵਨ ਦ੍ਰਿਸ਼ਟੀ ਦੇ ਅਕੀਦੇ ਜਦੋਂ ਪੂਰਬੀ ਦ੍ਰਿਸ਼ਟੀਕੋਣ ਨਾਲ ਟਕਰਾਉਂਦੇ ਹਨ ਤਾਂ ਪਰਵਾਸੀ ਪੰਜਾਬੀ ਭਾਈਚਾਰੇ ਦੇ ਮੂਲ ਸਭਿਆਚਾਰ (ਪੰਜਾਬੀ ਸਭਿਆਚਾਰ) ਦੀਆਂ ਕਦਰਾਂ-ਕੀਮਤਾਂ ਵਿਚ ਟਕਰਾਉ, ਤਨਾਉ ਤੇ ਦਵੰਦ ਪੈਦਾ ਹੁੰਦੇ ਹਨ। ਪੂਰਬੀ ਤੇ ਪੱਛਮੀ ਦ੍ਰਿਸ਼ਟੀਕੋਣ ਦੇ ਅੰਦਰ, ਨਸਲੀ ਵਿਤਕਰਾ, ਪੀੜ੍ਹੀ ਪਾੜਾ, ਪਰਿਵਾਰਕ ਰਿਸ਼ਤਿਆਂ ਦੀ ਤਿੜਕਣ, ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਦੀ ਇੱਛਾ, ਭਾਵੁਕ ਰਿਸ਼ਤਿਆਂ ਦੀ ਥਾਂ ਪੈਸੇ ਦੀ ਪ੍ਰਧਾਨਤਾ, ਤਲਾਕ ਆਦਿ ਗੱਲਾਂ ਅੰਤਰ-ਸਭਿਆਚਾਰਕ ਦਵੰਦਾਂ ਦਾ ਕਰੂਰ ਯਥਾਰਥ ਸਿਰਜਦੀਆਂ ਹਨ। ਡਾ. ਥਿੰਦ ਆਪਣੇ ਇਸ ਸਫ਼ਰਨਾਮੇ ਵਿਚ ਜਦੋਂ ਪਰਵਾਸੀਆਂ ਦੀ ਖੰਡਿਤ ਹੋਂਦ ਨੂੰ ਆਪਣੀ ਵਿਸ਼ਲੇਸ਼ਣੀ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ ਤਾਂ ਜੀਵਨ ਯਥਾਰਥ ਦੇ ਕਈ ਪੁੱਠੇ-ਸਿੱਧੇ ਤਰਕ-ਵਿਤਰਕ, ਪੱਛਮੀ ਤੇ ਪੂਰਬੀ ਜੀਵਨ ਸ਼ੈਲੀਆਂ ਦੇ ਚੰਗੇ-ਮਾੜੇ ਪੱਖ, ਵਿਅਕਤੀਗਤ ਜੀਵਨ ਦੇ ਕਈ ਗੁੱਝੇ ਰਹੱਸ ਤੇ ਪਹਿਲੂ, ਔਰਤ-ਮਰਦ ਦਾ ਜਟਿਲ ਕਾਮੁਕ ਵਿਹਾਰ, ਕੇਵਲ ਪਰਵਾਸ ਧਾਰਨ ਕਰਨ ਹਿੱਤ ਪਾਕਿ-ਪਵਿੱਤਰ ਮਾਨਵੀ ਰਿਸ਼ਤਿਆਂ ਦਾ ਘਾਣ, ਪੈਸੇ ਲਈ ਸਭ ਰਿਸ਼ਤੇ ਨਾਤੇ ਭੁੱਲ ਜਾਣਾ, ਅਸਾਵੀਆਂ, ਅਸੰਤੁਲਿਤ ਜੀਵਨ-ਸਥਿਤੀਆਂ ਆਦਿ ਕਈ ਕੁਝ ਦ੍ਰਿਸਟੀਗੋਚਰ ਹੁੰਦਾ ਹੈ।

ਪੂਰਬੀ ਅਤੇ ਪੱਛਮੀ ਦ੍ਰਿਸ਼ਟੀਕੋਣ ਦੇ ਅੰਤਰ ਕਾਰਨ ਅੰਤਰ-ਸਭਿਆਚਾਰਕ ਦਵੰਦ ਪੈਦਾ ਹੁੰਦੇ ਹਨ। ਜਦੋਂ ਪੰਜਾਬ ਵਿਚ ਵਸਦੇ ਖੁੱਲ੍ਹ ਦਿਲੇ ਪੰਜਾਬੀ ਪਰਵਾਸ ਧਾਰਨ ਕਰਦੇ ਹਨ ਤਾਂ ਉਹ ਪੱਛਮੀ ਦ੍ਰਿਸ਼ਟੀਕੋਣ ਰਾਹੀਂ ਆਪਣੀ ਜ਼ਿੰਦਗੀ ਬਾਰੇ ਸੋਚਦੇ ਹਨ। ਇਸ ਕਾਰਨ ਉਹਨਾਂ ਦੀ ਜ਼ਿੰਦਗੀ ਤੇ ਸੋਚ ਵਿਚ ਬਹੁਤ ਸਾਰੇ ਪਰਿਵਰਤਨ ਆਉਂਦੇ। ਹਨ। ਅਜਿਹਾ ਉਹਨਾਂ ਪੰਜਾਬੀਆਂ ਨਾਲ ਵਾਪਰਦਾ ਹੈ ਜਿਹੜੇ ਬਹੁਤ ਸਮੇਂ ਤੋਂ ਪੱਛਮੀ ਮੁਲਕਾਂ ਵਿਚ ਰਹਿ ਰਹੇ ਹਨ (ਨਵੇਂ ਗਏ ਪੰਜਾਬੀ ਜਦੋਂ ਉਨ੍ਹਾਂ ਨਾਲ ਆਪਣੱਤ ਜਤਾਉਂਦੇ ਹਨ ਤਾਂ ਉਹ ਕੰਨੀ ਕਤਰਾਉਂਦੇ ਹਨ। ਉਹ ਪਰਵਾਸੀ ਪੰਜਾਬੀ ਬਹੁਤ ਪਹਿਲਾਂ ਪੱਛਮੀ ਮੁਲਕਾਂ ਵਿਚ ਪਹੁੰਚੇ ਅਤੇ ਸਖ਼ਤ ਮਿਹਨਤ ਕਰਕੇ ਅੱਜ ਅਮੀਰ ਹੋ ਚੁੱਕੇ ਹਨ। ਉਹ

ਪੰਜਾਬੀ ਭਾਸ਼ਾ ਅਤੇ ਸਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹਨਾਂ ਵਿਚਲਾ ਪੰਜਾਬੀ ਪੁਣਾ ਲਗਭਗ ਹੁਣ ਖਤਮ ਹੋ ਚੁੱਕਾ ਹੈ। ਪੱਛਮ ਦੇ ਸਭਿਆਚਾਰ ਨੇ ਉਹਨਾਂ ਨੂੰ ਆਪਣੇ ਰੰਗ ਵਿਚ ਰੰਗ ਲਿਆ ਹੈ, ਜਿਸ ਕਰਕੇ ਨਵਾਂ ਪਰਵਾਸ ਧਾਰਨ ਕਰਨ ਵਾਲੇ ਪੰਜਾਬੀਆਂ ਨੂੰ ਆਪਣੇ ਹੀ ਪੰਜਾਬੀ ਭਾਈਚਾਰੇ ਵਿਚ ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਸ ਕਰਕੇ ਉਹ ਆਪਣੇ ਹੀ ਲੋਕਾਂ ਵਿਚ ਅਜਨਬੀਅਤ ਦੀ ਸਥਿਤੀ ਦੇ ਭਾਗੀ ਬਣਦੇ ਹਨ। ਹਥਲੀ ਰਚਨਾ ਵਿਚ ਅਸੀਂ ਦੇਖਦੇ ਹਾਂ ਕਿ ਜਦੋਂ ਡਾ. ਥਿੰਦ ਤੇ ਵਰਿਆਮ ਸੰਧੂ ਹੀਥਰੋ ਏਅਰ ਪੋਰਟ ਤੋਂ 'ਵਿਸ਼ਵ ਪੰਜਾਬੀ ਕਾਨਫਰੰਸ' ਵਿਚ ਸ਼ਾਮਿਲ ਹੋਣ ਲਈ, ਅਮੀਨ ਮਲਿਕ ਨੂੰ ਉਥੋਂ ਲੈ ਜਾਣ ਲਈ ਫੋਨ ਕਰਦੇ ਹਨ ਤਾਂ ਉਹ ਅੱਗੋਂ ਆਖਦਾ ਹੈ-

> "ਬਾਬਿਉ, ਇਥੇ ਤਾਂ ਮਾਵਾਂ ਪੁੱਤ ਨਹੀਂ ਸੰਭਾਲਦੀਆ। ਮੈਂ ਕਿਵੇਂ ਆ ਸਕਦਾ ?" (ਲੰਡਨ ਨੂੰ ਮਿਲਦਿਆਂ, ਪੰਨਾ 159)

ਅਜਿਹਾ ਜਵਾਬ ਸੁਣ ਕੇ ਲੇਖਕ ਤੇ ਵਰਿਆਮ ਸੰਧੂ ਨੂੰ ਪਰਦੇਸ ਵਿਚ ਹੋਣ ਦਾ ਅਹਿਸਾਸ ਹੋ ਗਿਆ ਸੀ ਤੇ ਸ਼ਾਇਦ ਉਨ੍ਹਾਂ ਸੋਚਿਆ ਵੀ ਹੋਵੇ ਕਿ ਕਿੱਥੇ ਹੁੰਦਾ ਆਪਣਾ ਪੰਜਾਬ ਲੋਕ ਹੱਥਾਂ 'ਤੇ ਚੁੱਕ ਲੈਂਦੇ। ਪਰ ਆਪਣੀ ਹਿੰਮਤ ਸਦਕਾ ਉਹ ਪਹੁੰਚ ਜਾਂਦੇ ਹਨ। ਕਾਨਫਰੰਸ ਤੋਂ ਪਹਿਲਾਂ ਹੀ ਇਹ ਪਤਾ ਚੱਲ ਜਾਂਦਾ ਹੈ ਕਿ ਬਹੁਤ ਸਾਰੇ ਪਰਵਾਸੀ ਪੰਜਾਬੀ ਲੇਖਕ ਆਪਣੇ ਵਿਚ ਮਤਭੇਦ ਹੋਣ ਕਾਰਨ ਕਾਨਫਰੰਸ ਵਿਚ ਸ਼ਾਮਿਲ ਨਹੀਂ ਹੋ ਰਹੇ। ਪਰ ਲੇਖਕ ਸੋਚਦਾ ਹੈ ਕਿ ਜਿਵੇਂ ਵਿਆਹ ਤੋਂ ਪਹਿਲਾਂ ਭਾਈਚਾਰਾ ਰੁਸਦਾ ਤੇ ਫਿਰ ਆਪੇ ਹੀ ਜੱਫੀਆਂ ਪੈ ਜਾਂਦੀਆਂ ਹਨ। ਇਹ ਲੇਖਕ ਵੀ ਮੰਨ ਜਾਣਗੇ ਪਰ ਅਜਿਹਾ ਨਹੀਂ ਹੁੰਦਾ। ਪਰਵਾਸੀ ਪੰਜਾਬੀ ਭਾਈਚਾਰੇ ਬਾਰੇ ਡਾ. ਥਿੰਦ ਦੀ ਟਿੱਪਣੀ ਬੜੀ ਮਹੱਤਵਪੂਰਨ ਹੈ।

"ਇਹ ਪੰਜਾਬੀ ਹੁਣ ਪਹਿਲਾਂ ਵਾਲੇ ਪੰਜਾਬੀ ਕਿਥੇ ਰਹਿ ਗਏ ਸਨ ? ਇਹ ਤਾਂ ਸੌੜੇ ਦਿਲਾਂ ਵਾਲੇ ਭਾਰਤੀ ਤੇ ਪਾਕਿਸਤਾਨੀ ਬਣ ਗਏ ਸਨ। ਸਗੋਂ ਇਸ ਤੋਂ ਵੀ ਅੱਗੇ ਧਨਾਢ ਇੰਗਲੈਂਡੀਏ ਬਣ ਗਏ ਸਨ। ਪੈਸੇ ਧੇਲੇ ਵਾਲੇ ਕਿਸੇ ਦੀ ਟੈਂ ਕਿੱਥੇ ਮੰਨਿਆ ਕਰਦੇ ਹਨ ? ਪੁਰਾਣੇ ਰਿਸ਼ਤਿਆਂ ਦੀ ਭਾਵੁਕਤਾ ਤੇ ਬੋਲੀ ਦੀਆਂ ਸਾਝਾਂ ਨੂੰ ਅਮੀਰੀ ਦੀ ਹੈਂਕੜ ਦਾ ਠੁਕਿਆ ਫਾਲਾ ਕਿੱਥੇ ਸਾਹ ਲੈਣ ਦਿੰਦਾ ਹੈ ? ਇਹ ਤਾਂ ਸਭ ਕੁਝ ਜੜ੍ਹੋਂ ਪੁੱਟ ਕੇ ਆਪਣੀ ਧੌਂਸ ਦਾ ਸੁਹਾਗਾ ਫੇਰਨਾ ਚਾਹੁੰਦਾ।"

ਬਰਤਾਨੀਆਂ ਦੀ ਜ਼ਿੰਦਗੀ ਭਾਰਤੀ ਜ਼ਿੰਦਗੀ ਤੋਂ ਬਿਲਕੁਲ ਵੱਖਰੀ ਕਿਸਮ ਦੀ ਹੈ। ਪੂੰਜੀਵਾਦ ਪੱਛਮੀ ਜ਼ਿੰਦਗੀ ਦੇ ਰੋਮ-ਰੋਮ ਵਿਚ ਸਮਾਇਆ ਹੋਇਆ ਹੈ। ਪੂੰਜੀਵਾਦੀ ਰਿਸ਼ਤਿਆਂ ਦੇ ਤਹਿਤ ਪੰਜਾਬੀ ਭਾਈਚਾਰਾ ਗਹਿਰੇ ਸਭਿਆਚਾਰਕ ਸੰਕਟ ਦੀ ਗਰਿਫਤ ਵਿਚ ਹੈ। ਪੂੰਜੀਵਾਦੀ ਗਲਬੇ ਦੇ ਪ੍ਰਭਾਵ ਕਾਰਨ ਮਨੁੱਖੀ ਕਦਰਾਂ-ਕੀਮਤਾਂ, ਰਿਸ਼ਤਾ-ਨਾਤਾ ਪ੍ਰਬੰਧ, ਆਪਸੀ ਮੋਹ ਪਿਆਰ ਦਮ ਤੋੜ ਰਿਹਾ ਹੈ। ਪੂੰਜੀ ਇਕੱਤਰ ਕਰਨ ਦੀ ਇੱਛਾ ਤਹਿਤ ਹਰ ਸ਼ੈਅ, ਇਥੋਂ ਤੱਕ ਕਿ ਇਨਸਾਨ ਵੀ ਮੰਡੀ ਦੀ ਵਸਤੂ ਬਣ ਗਿਆ ਹੈ।

ਪੱਛਮ ਦੀ ਤੇਜ਼ ਰਫ਼ਤਾਰ ਜ਼ਿੰਦਗੀ ਨੇ ਇਨਸਾਨ ਨੂੰ ਮਸ਼ੀਨ ਵਿਚ ਤਬਦੀਲ ਕਰ ਦਿੱਤਾ ਹੈ, ਜਿਸ ਕਾਰਨ ਉਹ ਮਸ਼ੀਨ ਨਾਲ ਮਸ਼ੀਨ ਬਣਿਆ ਗਹਿਰੇ ਸੰਕਟਾਂ ਨਾਲ ਦੋ-ਚਾਰ ਹੋ ਰਿਹਾ ਹੈ। ਹਥਲੀ ਰਚਨਾ ਵਿਚ ਦਲਬੀਰ ਨਾਂ ਦੀ ਪਾਤਰ ਪੱਛਮੀ ਤੇ ਪੂਰਬੀ ਜੀਵਨ ਸ਼ੈਲੀਆਂ ਦੀ ਕਸ਼ਮਕਸ਼ ਵਿਚ ਉਲਝੀ ਹੋਈ ਅੰਤਰ ਸਭਿਆਚਾਰਕ ਦਵੰਦਾਂ ਦੀ ਸ਼ਿਕਾਰ ਹੁੰਦੀ ਹੈ। ਦਲਬੀਰ ਉਹਨਾਂ ਅਨੇਕਾਂ ਕੁੜੀਆਂ ਦੀ ਮੂੰਹ ਬੋਲਦੀ ਹਕੀਕਤ ਹੈ, ਜਿਨ੍ਹਾਂ ਨੂੰ ਪੱਛਮੀ ਮੁਲਕਾਂ ਵਿਚ ਪੱਕੇ ਹੋ ਚੁੱਕੇ ਪਰਵਾਸੀ ਪੰਜਾਬੀ ਸੋਹਣੀਆਂ, ਸੁਨੱਖੀਆਂ ਹੋਣ ਕਰਕੇ ਤੇ ਆਪਣੀ ਸਾਮੰਤੀ ਸੋਚ ਕਾਰਨ ਆਪਣੇ ਕਬਜ਼ੇ ਵਿਚ ਰੱਖਣ ਦੀ ਇੱਛਾ ਤਹਿਤ ਤੇ ਉਨ੍ਹਾਂ ਨੂੰ ਵੀ ਮਸ਼ੀਨਾਂ ਬਣਾ ਕੇ ਆਪ ਉਨ੍ਹਾਂ ਦੀ ਕਮਾਈ ਹੜੱਪਣ ਕਾਰਨ ਵਿਆਹ ਲਿਆਉਂਦੇ ਹਨ। ਅਜਿਹਾ ਪਹਿਲੀ ਜਾਂ ਦੂਜੀ ਪੀੜ੍ਹੀ ਦੇ ਪਰਵਾਸੀ ਪੰਜਾਬੀਆਂ ਵਲੋਂ ਕੀਤਾ ਜਾਂਦਾ ਹੈ ਕਿਉਂਕਿ ਉਹ ਚਾਹੁੰਦੇ ਹਨ ਕਿ ਭਾਰਤ ਤੋਂ ਆਪਣੇ ਮੁੰਡਿਆਂ ਲਈ ਵਿਆਹ ਕੇ ਲਿਆਂਦੀਆਂ ਕੁੜੀਆਂ ਉਹਨਾਂ ਦੀ ਟਹਿਲ ਸੇਵਾ ਵੀ ਕਰਨਗੀਆਂ ਤੇ ਕਮਾਈ ਵੀ ਖਵਾਉਣਗੀਆਂ। ਪਰ ਪੱਛਮੀ ਨੂੰਹ ਨੇ ਅਜਿਹਾ ਨਹੀਂ ਕਰਨਾ। ਅਜਿਹਾ ਰਿਸ਼ਤਾ ਈ ਜ਼ਿਆਦਾਤਰ ਮੁੰਡੇ ਦੇ ਮਾਂ-ਬਾਪ ਕਰਦੇ ਹਨ ਪਰ ਮੁੰਡਾ ਪੱਛਮੀ ਸਭਿਆਚਾਰ ਵਿਚ ਪੈਦਾ ਹੋਣ ਤੇ ਪਰਵਾਨ ਚੜ੍ਹਨ ਕਰਕੇ ਅਜਿਹੀ ਕੁੜੀ ਨੂੰ ਪਸੰਦ ਨਹੀਂ ਕਰਦਾ। ਹਥਲੀ ਰਚਨਾ ਵਿਚ ਜਦੋਂ ਦਲਬੀਰ ਦਾ ਵਿਆਹ ਪਰਵਾਸੀ ਮੁੰਡੇ ਨਾਲ ਇਸੇ ਪ੍ਰਸੰਗ ਵਿਚ ਹੁੰਦਾ ਹੈ ਤਾਂ ਪਹਿਲੀ ਰਾਤ ਹੀ ਉਸ ਦਾ ਪਤੀ ਆਖਦਾ ਹੈ-

> "ਓ ਲਿਸਨ, ਯੂ ਆਰ ਨਾਟ ਮਾਈ ਚੁਆਇਸ... ਯੂ... ਯੂ ਆਰ ਦਾ ਚੁਆਇਸ ਔਫ ਮਾਈ ਡਰਟੀ ਬਾਸਟਰਡ ਪੇਰੈਂਟਸ।.... ਆਈ ਲਵ ਪਾਮ...। ਆਈ ਲਵ ਹਰ ਫਰਾਮ ਦਾ ਸੋਲ ਆਫ ਮਾਈ ਹਾਰਟ।" (ਪੰਨਾ 82)

ਇਸ ਤਰ੍ਹਾਂ ਪਰਵਾਸ ਵਿਚ ਅਣਜੋੜ ਵਿਆਹ ਤੇ ਆਪਣੇ ਮਾਂ-ਬਾਪ ਤੋਂ ਹਜ਼ਾਰਾਂ ਮੀਲ ਦੂਰ ਬੈਠੀਆਂ ਦਲਬੀਰ ਵਰਗੀਆਂ ਹਜ਼ਾਰਾਂ ਕੁੜੀਆਂ ਅੰਤਰ-ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਹੁੰਦੀਆਂ ਹਨ। ਅਣਜੋੜ ਵਿਆਹ ਕਾਰਨ ਪੰਜਾਬੀ ਕੁੜੀਆਂ ਅੰਦਰੋਂ ਤਿੜਕ ਜਾਂਦੀਆਂ ਹਨ। ਪਰਿਵਾਰਕ ਰਿਸ਼ਤਿਆਂ ਵਿਚ ਆਈ ਤਿੜਕਣ ਤਲਾਕ ਵਰਗੀਆਂ ਸਥਿਤੀਆਂ ਨੂੰ ਜਨਮ ਦਿੰਦੀ ਹੈ। ਅਜਿਹੀਆਂ ਸਥਿਤੀਆਂ ਵਿਚ ਆਈਆਂ ਅਤੇ ਘਰੋਂ ਬੇਘਰ ਹੋਈਆਂ ਇਹ ਕੁੜੀਆਂ ਬੇਸ਼ੱਕ ਕਾਨੂੰਨੀ ਮੱਦਦ ਲੈ ਸਕਦੀਆਂ ਹਨ ਪਰ ਅੰਦਰ ਦੀ ਤਿੜਕਣ ਉਹਨਾਂ ਨੂੰ ਚਕਨਾਚੂਰ ਕਰ ਦਿੰਦੀ ਹੈ। ਅਜਿਹੀ ਜ਼ਿੰਦਗੀ ਦੇ ਜਬਾੜੇ ਵਿਚ ਆਈ ਦਲਬੀਰ ਆਖਦੀ ਹੈ-

> "ਅਜੀਬ ਦੇਸ਼ ਹੈ ਇਹ ਵੀ। ਪਹਿਲਾਂ ਤਾਂ ਬੰਦਿਆਂ ਨੂੰ ਮਸ਼ੀਨੀ ਪੁਰਜ਼ਾ ਬਣਾ ਕੇ ਉਨ੍ਹਾਂ ਦੇ ਜਜ਼ਬਾਤ ਸੁਕਾ ਛੱਡਦਾ। ਉਨ੍ਹਾਂ ਨੂੰ ਪੌਂਡਾਂ ਦੇ ਅਜਿਹੇ ਚੱਕਰ ਵਿਚ ਫਸਾਉਂਦਾ ਕਿ ਤੇਹ-ਮੋਹ ਦੇ ਰਿਸ਼ਤਿਆਂ ਦੀਆਂ ਜੜ੍ਹਾਂ ਹੀ ਨਹੀਂ ਲੱਗਣ ਦਿੰਦਾ। ਜਦ ਰਿਸ਼ਤਿਆਂ

> ਦੀ ਖੁਸ਼ਕ ਖੇਤੀ ਸੁੱਕਣ ਲਗਦੀ ਹੈ ਤਾਂ ਉਜੜੇ ਖੇਤਾਂ ਨੂੰ ਸਾਂਭਣ ਦੀ ਚਿੰਤਾ ਵੀ ਇਸ ਨੂੰ ਸਭ ਤੋਂ ਵੱਧ ਸਤਾਉਂਦੀ ਹੈ।" (ਪੰਨਾ 86)

ਪੱਛਮੀ ਮੁਲਕਾਂ ਵਿਚ ਵਸਦੇ ਪਰਵਾਸੀ ਪੰਜਾਬੀ ਸਭਿਆਚਾਰਕ ਵਿਥ/ਪਾੜੇ ਕਰਕੇ ਵੀ ਸੰਕਟਮਈ ਪ੍ਰਸਥਿਤੀਆਂ ਨੂੰ ਭੋਗਦੇ ਹਨ। ਸਭਿਆਚਾਰਕ ਪਾੜਾ ਤਾਂ ਹਰ ਦੇਸ਼ ਜਾਂ ਕੌਮ ਦੀਆਂ ਨਵੀਆਂ ਤੇ ਪੁਰਾਣੀਆਂ ਪੀੜ੍ਹੀਆਂ ਵਿਚ ਵੀ ਹੁੰਦਾ ਹੈ। ਪਰ ਪਰਵਾਸ ਧਾਰਨ ਕਰ ਚੁੱਕੇ ਪੰਜਾਬੀਆਂ ਨੂੰ ਸਭਿਆਚਾਰਕ ਪਾੜਾ ਵਧੇਰੇ ਸ਼ਿੱਦਤ ਨਾਲ ਪ੍ਰਭਾਵਿਤ ਕਰਦਾ ਹੈ ਕਿਉਂਕਿ ਪੱਛਮੀ ਸਭਿਆਚਾਰ ਅਤੇ ਭਾਰਤੀ-ਪੰਜਾਬੀ ਸਭਿਆਚਾਰ ਵਿਚ ਬਹੁਤ ਵੱਡਾ ਪਾੜਾ ਹੈ ਜਿਸ ਕਰਕੇ ਪਰਵਾਸੀ ਪੰਜਾਬੀ ਦੋਨਾਂ ਸਭਿਆਚਾਰਾਂ ਦੀ ਵਿਚਕਾਰਲੀ ਦਵੰਦਮਈ ਸਥਿਤੀ ਨੂੰ ਭੋਗਦੇ ਹਨ। ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਸਮਾਜਿਕ ਸਮੂਹ ਦੇ ਰੂਪ ਵਿਚ ਪਿੰਡ ਤੇ ਪਰਿਵਾਰ ਵਰਗੀਆਂ ਸਮਾਜਿਕ ਇਕਾਈਆਂ ਨੂੰ ਭਾਰਤੀ ਸਭਿਆਚਾਰ ਵਿਚ ਜ਼ਰੂਰੀ ਮੰਨਿਆ ਜਾਂਦਾ ਹੈ ਕਿਉਂਕਿ ਖੇਤੀ ਦੇ ਕਿੱਤੇ ਨੂੰ ਠੀਕ ਢੰਗ ਤੇ ਸਮੇਂ ਵਿਚ ਨਿਪਟਾਉਣ ਕਰਕੇ ਮਨੁੱਖੀ ਸਮੂਹਾਂ ਦੇ ਆਪਸੀ ਮੇਲ-ਜੋਲ ਨੂੰ ਜ਼ਰੂਰੀ ਮੰਨਿਆ ਜਾਂਦਾ ਸੀ। ਇਸ ਕਰਕੇ ਸਾਂਝੇ ਪਰਿਵਾਰ ਅਤੇ ਪਿੰਡ ਵਰਗੇ ਮਨੁੱਖੀ ਸਮੂਹਾਂ ਦੀ ਹੋਂਦ ਭਾਰਤੀ ਸਭਿਆਚਾਰ ਦੀ ਮੂਲ ਪਛਾਣ ਹੈ। ਦੂਜੇ ਪਾਸੇ ਪੱਛਮ ਦੀ ਪੂੰਜੀਵਾਦੀ/ਪਦਾਰਥਵਾਦੀ, ਉਦਯੋਗਿਕ ਆਰਥਿਕਤਾ ਜਿਸ ਵਿਚ ਮਸ਼ੀਨਾਂ ਦੀ ਅੰਨ੍ਹੇਵਾਹ ਵਰਤੋਂ ਨੇ ਮਨੁੱਖੀ ਸਮੂਹਿਕਤਾ ਦੀ ਥਾਂ ਵਿਅਕਤੀਗਤ ਤੇ ਇਕਹਿਰੇ ਪਰਿਵਾਰਕ ਢਾਂਚਿਆਂ ਨੂੰ ਜਨਮ ਦਿੱਤਾ ਹੈ। ਜਿਸ ਕਾਰਨ ਪੂਰਬੀ ਤੇ ਪੱਛਮੀ ਜੀਵਨ ਸ਼ੈਲੀਆਂ ਪਰਵਾਸੀ ਪੰਜਾਬੀ ਭਾਈਚਾਰੇ ਨੂੰ ਸਭਿਆਚਾਰਕ ਦਵੰਦਾਂ ਦਾ ਭਾਗੀ ਬਣਾਉਂਦੀਆਂ ਹਨ। ਇਹਨਾਂ ਮੁਲਕਾਂ ਵਿਚ ਪੰਜਾਬ ਦੇ ਪਿੰਡਾਂ ਵਾਂਗ ਆਪਸੀ ਭਾਈਚਾਰਾ ਨਹੀਂ ਹੈ ਸਗੋਂ ਘਰਾਂ ਵਿਚ ਅਤੇ ਆਸੇ ਪਾਸੇ ਖੰਡਰਾਂ ਵਰਗੀ ਖਾਮੋਸ਼ੀ ਹੈ। ਇਥੇ ਗੁਆਂਢੀ ਦਾ ਅਰਥ ਸਿਰਫ਼ ਜੁੜਵੀਂ ਕੰਧ ਨਾਲ ਬਣੇ ਅਗਲੇ ਮਕਾਨ ਤੋਂ ਹੀ ਲਿਆ ਜਾਂਦਾ ਹੈ ਕਿਉਂਕਿ ਇਹ ਗੁਆਂਢੀ ਆਪਸ ਵਿਚ ਸਭਿਆਚਾਰਕ ਵਿੱਥ ਜਾਂ ਮਸ਼ੀਨ ਨਾਲ ਮਸ਼ੀਨ ਹੋਏ, ਕੰਮ ਦੇ ਭੰਨੇ ਹੋਏ ਆਪਣੇ ਆਪ ਤੱਕ ਹੀ ਸੀਮਤ ਰਹਿੰਦੇ ਹਨ। ਇਹਨਾਂ ਵਿਚਲਾ ਆਪਸੀ ਮੋਹ-ਪਿਆਰ, ਮੇਲ-ਮਿਲਾਪ, ਦੁੱਖ-ਸੁੱਖ ਵਿਚ ਰਲ ਬੈਠਣਾ ਆਦਿ ਭਾਰਤੀ ਤਰਜ਼ ਦੀਆਂ ਕੀਮਤਾਂ ਗੈਰ ਹਾਜ਼ਰ ਹਨ। ਇਸ ਤਰ੍ਹਾਂ ਆਪਣੇ ਆਪ ਤੱਕ ਹੀ ਸੀਮਤ ਪਰਵਾਸੀ ਭਾਈਚਾਰੇ ਬਾਰੇ ਟਿੱਪਣੀ ਕਰਦੇ ਹੋਏ ਡਾ. ਥਿੰਦ ਆਖਦੇ ਹਨ-

> "..... ਜੇ ਪੜੋਸੀ ਆਪਣੇ ਦੇਸ਼ ਦਾ ਹੋਵੇ ਤਾਂ ਦੋਨੋਂ ਹੀ ਕੰਮ ਦੀਆਂ ਸ਼ਿਫ਼ਟਾਂ ਦੇ ਝੰਬੇ ਹੁੰਦੇ ਹਨ। ਜੇ ਅਗਲਾ ਗੋਰੀ ਨਸਲ ਦਾ ਹੋਵੇ ਤਾਂ ਸਭਿਆਚਾਰਕ ਵਿੱਥ ਹੀ ਦਿਲਾਂ ਦੀਆਂ ਦੂਰੀਆਂ ਬਣਾਈ ਰੱਖਦੀ ਹੈ। ਇਸ ਲਈ ਹੀ ਇਥੇ ਹਰ ਕੋਈ ਆਪਣੇ ਅੰਦਰ ਕਈ-ਕਈ ਮੀਟਰ ਸੁੰਗੜਿਆਂ ਜਾਪਿਆ।" (ਪੰਨਾ 99)

ਆਪਣੀ ਵੱਖਰੀ ਸਭਿਆਚਾਰਕ ਪਛਾਣ ਕਰਕੇ ਵੀ ਪਰਵਾਸੀ ਪੰਜਾਬੀ ਅੰਤਰ-

ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਹੁੰਦੇ ਹਨ। ਪਰਵਾਸੀ ਪੰਜਾਬੀ ਆਪਣੀ ਵੱਖਰੀ 'ਪੰਜਾਬੀ ਪਛਾਣ' ਨੂੰ ਬਰਕਰਾਰ ਰੱਖਣ ਲਈ ਪੰਜਾਬੀ ਪਹਿਰਾਵਾ ਬਣਾਈ ਰੱਖਣ ਦਾ ਭਰਮ ਪਾਲਦੇ ਹਨ ਪਰ ਆਪਣੀ ਇਸੇ ਵੱਖਰੀ ਪਛਾਣ ਕਰਕੇ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ। ਪੱਛਮੀ ਮੁਲਕਾਂ ਦੇ ਮੂਲ ਵਾਸੀ ਆਪਣੀ ਸਭਿਆਚਾਰਕ ਉਤਮਤਾ ਦੀ ਅਖੌਤੀ ਭ੍ਰਾਂਤੀ ਕਾਰਨ ਪਰਵਾਸੀ ਪੰਜਾਬੀਆਂ ਨੂੰ ਨਫ਼ਰਤੀ ਨਜ਼ਰਾਂ ਨਾਲ ਦੇਖਦੇ ਹਨ। ਇੱਥੋਂ ਤੱਕ ਕਿ ਚੌਦਾਂ ਪੰਦਰਾ ਸਾਲਾਂ ਦੇ ਬੱਚੇ ਵੀ ਪਰਵਾਸੀ ਪੰਜਾਬੀਆਂ ਦੀ ਵੱਖਰੀ ਸਭਿਆਚਾਰਕ ਪਛਾਣ ਕੇਸ, ਦਾਹੜੀ ਅਤੇ ਪੱਗ ਬੰਨਣ ਕਰਕੇ ਨਫ਼ਰਤ ਕਰਦੇ ਹਨ। ਹਥਲੀ ਰਚਨਾ ਵਿਚ 'ਸਕਾਬਰਾ ਬੀਚ' ਤੇ ਜਦੋਂ ਲੇਖਕ ਤੇ ਉਸ ਦਾ ਮੇਜਬਾਨ ਪਰਿਵਾਰ ਸੈਰ-ਸਪਾਟੇ ਲਈ ਜਾਂਦੇ ਹਨ ਤੇ ਉਹ ਆਪਸ ਵਿਚ ਹੱਸ ਖੇਡ ਰਹੇ ਸਨ ਤਾਂ ਕੋਲ ਹੀ ਫੁੱਟਬਾਲ ਖੇਡ ਰਹੇ ਮੂਲ ਵਾਸੀਆਂ ਦੇ ਬੱਚੇ ਆਪਣੀ ਬਾਲ ਦੇ ਮਗਰ-ਮਗਰ ਉਹਨਾਂ ਕੋਲ ਆ ਜਾਂਦੇ ਹਨ। ਲੇਖਕ ਉਹਨਾਂ ਨੂੰ ਆਪਣੇ ਵਿਚ ਦਿਲਚਸਪੀ ਲੈਂਦੇ ਦੇਖ ਉਹਨਾਂ ਨਾਲ ਗੱਲਾਂ ਕਰਨ ਲੱਗਦਾ ਹੈ। ਦੇਸ਼ ਬਾਰੇ ਪੁੱਛੇ ਜਾਣ 'ਤੇ ਜਦੋਂ ਲੇਖਕ ਆਪਣੇ ਦੇਸ਼ ਨੂੰ 'ਗ੍ਰੇਟ ਇੰਡੀਆ' ਆਖਦਾ ਹੈ ਤਾਂ ਉਹ ਵਿਅੰਗਮਈ ਹਾਸਾ ਹੱਸਦੇ ਹਨ ਤਾਂ ਲੇਖਕ ਕੁਝ ਛਿੱਥਾ ਪੈ ਜਾਂਦਾ ਹੈ। ਦਲਬੀਰ ਨੇ ਉਹਨਾਂ ਦੀ ਰਮਜ਼ ਨੂੰ ਪਛਾਣਦਿਆਂ ਘੂਰੀ ਵੱਟ ਕੇ ਜਾਣ ਲਈ ਕਹਿ ਦਿੱਤਾ ਤਾਂ ਉਹ ਤੁਰਨ ਲੱਗੇ। ਉਹਨਾਂ ਬਾਰੇ ਲੇਖਕ ਆਖਦਾ ਹੈ-

> "ਅਚਾਨਕ ਵਾਪਸ ਜਾਂਦਿਆਂ ਤਿੰਨ-ਚਾਰ ਨੇ ਸੱਜੇ ਹੱਥ ਦੀਆਂ ਉਂਗਲਾਂ ਨਾਲ ਮੇਰੀ ਤਰਫ਼ ਕੁਝ ਇਸ਼ਾਰੇ ਜਿਹੇ ਕੀਤੇ ਸਨ। ਨੀਲੀ ਜੈਕਟ ਵਾਲਾ ਮੁੰਡਾ ਸੱਜੇ ਹੱਥ ਦੇ ਅੰਗੂਠੇ ਨਾਲ ਦੀਆਂ ਦੋ ਉਂਗਲਾਂ ਨੂੰ ਜੋੜ ਕੇ ਫਾਇਰ ਕਰਨ ਦੇ ਅੰਦਾਜ਼ ਵਿਚ ਮੇਰੀ ਤਰਫ਼ ਕਰਦਾ ਬੋਲਿਆ ਸੀ, "ਹੇ! ਯੂ ਬਿੱਲ ਲਾਦੇਨ...।" ਉਸ ਦੀਆਂ ਅੱਖਾਂ ਹੁਣ ਚੰਗਿਆੜੇ ਛੱਡ ਰਹੀਆਂ ਸਨ।" (ਪੰਨਾ 138)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਡਾ. ਥਿੰਦ ਆਪਣੀ ਵੱਖਰੀ ਪੰਜਾਬੀ ਪਹਿਚਾਣ ਦਾਹੜੀ, ਕੇਸ ਅਤੇ ਪਗੜੀ ਕਾਰਨ ਅੰਗਰੇਜ਼ ਮੁੰਡਿਆਂ ਦੇ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦਾ ਹੈ। ਪੱਛਮੀ ਮੁਲਕਾਂ ਦੇ ਵਿਕਸਤ ਮੀਡੀਏ ਨੇ 11 ਸਤੰਬਰ ਨੂੰ ਅਤਿਵਾਦੀਆਂ ਦੇ ਸਰਦਾਰ ਲਾਦੇਨ ਦੁਆਰਾ ਅਮਰੀਕਾ ਦੇ ਵਰਡ ਟਰੇਡ ਸੈਂਟਰ 'ਤੇ ਕੀਤੇ ਖ਼ੌਫਨਾਕ ਹਮਲੇ ਨੂੰ ਇਸ ਤਰ੍ਹਾਂ ਉਭਾਰਿਆ ਕਿ ਇਸ ਹਮਲੇ ਦੇ ਮੁੱਖ ਦੋਸ਼ੀ ਲਾਦੇਨ ਦੀ ਪੰਜਾਬੀ ਪਹਿਚਾਣ ਦਾੜ੍ਹੀ, ਕੇਸ ਤੇ ਪਗੜੀ ਵਾਲੀ ਤਸਵੀਰ ਅੰਗਰੇਜ਼ ਬੱਚਿਆਂ ਦੇ ਮਨਾਂ ਵਿਚ ਅਟਕ ਗਈ ਤੇ ਉਹ ਉਸ (ਲਾਦੇਨ) ਨੂੰ ਸ਼ੂਟ ਕਰਨਾ ਚਾਹੁੰਦੇ ਹਨ। ਉਹਨਾਂ ਨੂੰ ਹਰ ਪੰਜਾਬੀ ਪਛਾਣ ਵਾਲਾ ਬੰਦਾ ਲਾਦੇਨ ਹੀ ਨਜ਼ਰ ਆਉਂਦਾ ਹੈ। ਇਸ ਕਰਕੇ ਲੇਖਕ ਹੀ ਨਹੀਂ ਸਗੋਂ ਹੋਰ ਵੀ ਬਹੁਤ ਸਾਰੇ ਪੰਜਾਬੀ, ਜੋ ਆਪਣੀ ਇਸ ਪੰਜਾਬੀ ਪਛਾਣ ਨੂੰ ਬਰਕਰਾਰ ਰੱਖਦੇ ਹਨ, ਉਹ ਇਸ ਤਰ੍ਹਾਂ ਦੇ ਨਸਲੀ ਵਿਤਰਕੇ ਦਾ ਸ਼ਿਕਾਰ ਹੁੰਦੇ ਹਨ ਤੇ ਉਹਨਾਂ ਨੂੰ ਪਰਦੇਸੀ ਹੋਣ ਦਾ ਅਹਿਸਾਸ ਹੁੰਦਾ ਹੈ।

ਪਰਦੇਸਾਂ ਵਿਚ ਵਸਦੇ ਭਾਰਤੀ ਤੇ ਪਾਕਿਸਤਾਨੀ ਪੰਜਾਬੀ ਪਰਵਾਸੀ ਉਥੋਂ ਦੇ ਮੂਲ ਵਾਸੀਆਂ ਦੁਆਰਾ ਕੀਤੇ ਜਾਂਦੇ ਨਸਲੀ ਵਿਤਕਰੇ ਦਾ ਸ਼ਿਕਾਰ ਹੀ ਨਹੀਂ ਹੁੰਦੇ ਸਗੋਂ ਆਪਸ ਵਿਚ ਵੀ ਇਸ ਨਸਲੀ ਵਿਤਕਰੇ ਦੀਆਂ ਦੀਵਾਰਾਂ ਉਸਾਰੀ ਬੈਠੇ ਹਨ। ਅਤਿ ਆਧੁਨਿਕ ਮੁਲਕਾਂ ਵਿਚ ਰਹਿ ਕੇ, ਪੱਛਮੀ ਸਮਾਜ-ਸਭਿਆਚਾਰ ਵਿਚ ਵਿਚਰ ਕੇ ਵੀ ਇਹ ਪਰਵਾਸੀ ਆਪਣੇ ਅੰਦਰੋਂ ਰੰਗ-ਨਸਲ ਤੇ ਜਾਤ-ਪਾਤ ਦੀਆਂ ਵਿੱਥਾਂ ਨੂੰ ਮੇਟ ਨਹੀਂ ਸਕੇ, ਜਿਸ ਕਰਕੇ ਇਹ ਪੰਜਾਬੀ ਭਾਈਚਾਰਾ ਗਹਿਰੇ ਸਭਿਆਚਾਰਕ ਸੰਕਟ ਵਿਚ ਹੈ। ਹਥਲੀ ਰਚਨਾ ਵਿਚ ਦਲਬੀਰ ਆਪਣੀ ਭਾਰਤੀ ਜਾਤ-ਪਾਤੀ ਤੇ ਰੰਗ-ਨਸਲ ਦੀਆਂ ਪੀਡੀਆਂ ਗੰਢਾਂ ਵਿਚੋਂ ਨਹੀਂ ਨਿਕਲ ਸਕੀ। ਉਹ ਆਪਣੇ ਬੇਟੇ ਸਾਜਨ ਨੂੰ ਪਾਕਿਸਤਾਨੀ ਬੱਚਿਆਂ ਨਾਲ ਖੇਡਣ ਤੋਂ ਵਰਜਦੀ ਹੈ ਉਹ ਆਪਣੇ ਪਤੀ ਨੂੰ ਆਖਦੀ ਹੈ-

> "ਮਹਿੰਦਰ ਦੇਖ ਲਉ, ਸਾਜਨ ਦਿਨੋਂ-ਦਿਨ ਵਿਗੜਦਾ ਜਾਂਦਾ ਹੈ। ਪਾਕੀ ਮੁੰਡਿਆਂ ਨਾਲ ਖੇਡਣ ਤੋਂ ਕਿੰਨਾਂ ਮਨ੍ਹਾਂ ਕਰੀਦਾ। ਭੱਜ-ਭੱਜ ਉਨ੍ਹਾਂ 'ਚ ਹੀ ਰਲਦਾ। ਸਟ੍ਰੀਟ 'ਚ ਉਨ੍ਹਾਂ ਨਾਲ ਖੇਡਣ ਤੋਂ ਮਸਾਂ-ਮਸਾਂ ਰੋਕਿਆ। ਏਸੇ ਮੁਸੀਬਤ ਕਰਕੇ ਪੁਰਾਣੀ ਸਟ੍ਰੀਟ ਛੱਡ ਗੋਰਿਆਂ ਵਾਲੀ 'ਚ ਮਕਾਨ ਖ੍ਰੀਦਿਆ।" (ਪੰਨਾ 104)

ਇਸ ਤਰ੍ਹਾਂ ਭਾਰਤੀ ਤੇ ਪਾਕਿਸਤਾਨੀ ਪਰਵਾਸੀ ਦੋਨੋਂ ਹੀ ਪ੍ਰਦੇਸ਼ਾਂ ਵਿਚ ਮੂਲਵਾਸੀਆਂ ਦੇ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ ਤੇ ਆਪਸ ਵਿਚ ਵੀ ਇਹ ਨਸਲੀ ਵਿਤਕਰਾ ਰੱਖੀ ਬੈਠੇ ਹਨ। ਭਾਰਤੀ, ਪਾਕਿਸਤਾਨੀਆਂ ਨੂੰ ਨਿੰਦਦੇ ਨਹੀਂ ਥੱਕਦੇ ਤੇ ਉਹ ਭਾਰਤੀਆਂ ਨੂੰ। ਉਹ ਆਪਸੀ ਨਫਰਤ ਪਾਲ ਰਹੇ ਹਨ ਪਰ ਅੰਗਰੇਜ਼ੀ ਕੌਮ ਵਿਚ ਉਹਨਾਂ ਦੀ ਅਥਾਹ ਸ਼ਰਧਾ ਹੈ ਤੇ ਇਸ ਵਿਚ ਵਿਲੀਨ ਹੋਣਾ ਚਾਹੁੰਦੇ ਹਨ। ਪਰ ਉਥੋਂ ਦੇ ਮੂਲ ਵਾਸੀ ਅਜਿਹਾ ਕਰਨ ਲਈ ਤਿਆਰ ਨਹੀਂ ਹਨ। ਇਸ ਸਥਿਤੀ ਦੇ ਅੰਤਰਗਤ ਪਰਵਾਸੀ ਪੰਜਾਬੀ ਭਾਈਚਾਰਾ ਇੱਛਤ ਯਥਾਰਥ ਅਤੇ ਪ੍ਰਾਪਤ ਯਥਾਰਥ ਦੇ ਵਿਚਕਾਰ ਲਟਕ ਰਿਹਾ ਹੈ ਤੇ ਉਸ ਦੀ ਸਥਿਤੀ ਤ੍ਰਿਸ਼ੰਕੂ ਵਾਲੀ ਹੈ। ਉਹ ਆਪਣੀ ਧਰਤੀ ਦੇ ਮੋਹ ਨੂੰ ਪਾਲਦਾ, ਪਰਾਈਆਂ ਧਰਤੀਆਂ 'ਤੇ ਵਿਚਰਦਾ ਹੋਇਆ, ਪਰਾਈਆਂ ਧਰਤੀਆਂ ਦਾ ਅਨਿੱਖੜਵਾਂ ਅੰਗ ਬਣਨ ਤੋਂ ਮੁਨਕਰ ਹੁੰਦਾ ਹੈ। ਇਸ ਦਵੰਦਮਈ ਸਥਿਤੀ ਵਿਚ ਉਹ ਨਾ ਤਾਂ ਮੂਲ ਧਰਤੀ ਨਾਲ ਅਤੇ ਨਾ ਹੀ ਪਰਾਈ ਧਰਤੀ ਨਾਲ ਪੂਰਨ ਤੌਰ 'ਤੇ ਜੁੜਨ ਦੇ ਸਮਰੱਥ ਹੁੰਦਾ ਹੈ। ਜੀਵਨ ਦਾ ਸੱਚ ਪਰਾਈ ਧਰਤੀ ਦਾ ਅੰਗ ਬਣਨ ਵੱਲ ਪ੍ਰੇਰਿਤ ਕਰਦਾ ਹੈ, ਜਦੋਂ ਕਿ ਮਾਨਸਿਕਤਾ ਮੂਲ ਧਰਤੀ ਦੇ ਮੋਹ ਨੂੰ ਅਪਣਾਈ ਰੱਖਣ ਵੱਲ ਖਿਚਦੀ ਹੈ। ਇਸ ਕਾਰਨ ਇਸ ਤ੍ਰਿਸ਼ੰਕੂ ਦੀ ਅਵਸਥਾ ਪਰਵਾਸੀ ਦੀ ਮਾਨਵੀ ਹੋਂਦ ਲਈ ਇਕ ਸੰਕਟਮਈ ਅਵਸਥਾ ਪੈਦਾ ਕਰਦੀ ਹੈ।[7] ਇਹ ਅਵਸਥਾ ਹੀ ਪਰਵਾਸੀ ਪੰਜਾਬੀ ਭਾਈਚਾਰੇ ਨੂੰ ਘੋਰ ਅੰਤਰ-ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਬਣਾਉਂਦੀ ਹੈ।

ਦਿਨ ਪ੍ਰਤੀ ਦਿਨ ਬੱਚਿਆਂ ਦਾ ਆਪ ਮੁਹਾਰੇ ਹੋਣਾ ਵੀ ਇਸ ਭਾਈਚਾਰੇ ਦੀ ਚਿੰਤਾ ਦਾ ਵਿਸ਼ਾ ਹੈ। ਆਪਣੀ ਸਾਮੰਤੀ ਸੋਚ ਤਹਿਤ ਉਹ ਸੋਚਦੇ ਹਨ ਕਿ ਉਹਨਾਂ ਦੇ ਬੱਚੇ ਬੁਢਾਪੇ ਦੇ ਆਖਰੀ ਦਿਨਾਂ ਵਿਚ ਉਹਨਾਂ ਦੀ ਡੰਗੋਰੀ ਬਣਨਗੇ ਪਰ ਬੱਚੇ ਪੱਛਮੀ ਸਭਿਆਚਾਰ ਦੀ ਚਮਕ-ਦਮਕ ਵਿਚ ਗੁੰਮ-ਗਵਾਚ ਜਾਣਾ ਚਾਹੁੰਦੇ ਹਨ, ਜੇ ਨਹੀਂ ਵੀ ਚਾਹੁੰਦੇ ਤਾਂ ਵੀ ਉਹ ਮਾਹੌਲ/ਆਲਾ-ਦੁਆਲਾ ਜਿਸ ਵਿਚ ਉਹ ਰਹਿੰਦੇ ਹਨ, ਅਜਿਹਾ ਕਰਨ ਲਈ ਮਜ਼ਬੂਰ ਕਰਦਾ ਹੈ। ਹਥਲੀ ਰਚਨਾ ਵਿਚ ਸਾਜਨ ਨਾਮ ਦਾ ਬੱਚਾ ਵੀ ਆਪਣੀ ਮਨਮਰਜ਼ੀ ਕਰਦਾ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਉਸ ਦੇ ਕੰਮ ਵਿਚ ਦਖ਼ਲ ਦੇਵੇ। ਉਹ ਅੰਗਰੇਜ਼ ਮੁੰਡੇ-ਕੁੜੀਆਂ ਨਾਲ ਖੇਡਦਾ ਹੈ ਤੇ ਉਹਨਾਂ ਵਾਂਗ ਹੀ ਸੋਚਦਾ ਹੈ। ਕਿਸੇ ਵੀ ਗੱਲੋਂ ਮਾਂ ਦੁਆਰਾ ਜਰਾ ਘੂਰਣ 'ਤੇ ਵੀ ਉਹ ਨਰਾਜ਼ ਹੋ ਜਾਂਦਾ ਹੈ। ਮਾਂ ਵੱਲੋਂ ਉਸ ਨੂੰ ਕਿਸੇ ਕੰਮ ਤੋਂ ਰੋਕਣ 'ਤੇ ਵੀ ਉਹ ਨਹੀਂ ਰੁਕਦਾ। ਉਸਦੀ ਮਾਂ ਆਪਣੇ ਬੇਟੇ ਨੂੰ ਆਖੇ ਲਗਦਾ ਨਾ ਵੇਖ ਕੇ ਨਿਰਾਸ਼ ਹੋ ਕੇ ਆਖਦੀ ਹੈ-

"ਏਨੇ ਵੀ ਇਨ੍ਹਾਂ ਜਿਹਾ ਹੀ ਬਣਨਾ ਆਖਰ!" (ਪੰਨਾ 105)

ਇਕ ਪਾਸੇ ਪਰਵਾਸੀਆਂ ਦੀ ਪਹਿਲੀ ਤੇ ਦੂਸਰੀ ਪੀੜ੍ਹੀ ਬੱਚਿਆਂ ਦੇ ਦਿਨੋ-ਦਿਨ ਬੇ-ਮੁਹਾਰੇ ਹੋਣ ਕਾਰਨ ਦਵੰਦ ਦੀ ਸਥਿਤੀ ਵਿਚ ਹੈ ਤੇ ਦੂਜੇ ਪਾਸੇ ਬੱਚੇ ਵੀ ਅੰਤਰ-ਸਭਿਆਚਾਰਕ ਦਵੰਦਾਂ ਦਾ ਸੰਤਾਪ ਭੋਗਦੇ ਹਨ ਕਿਉਂਕਿ ਘਰ ਵਿਚ ਉਹਨਾਂ ਨੂੰ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਸਿੱਖਿਆ ਦਿੱਤੀ ਜਾਂਦੀ ਹੈ। ਪਰ ਸਕੂਲ ਤੇ ਆਲੇ-ਦੁਆਲੇ ਵਿਚੋਂ ਉਹ ਅੰਗਰੇਜ਼ੀ ਭਾਸ਼ਾ ਤੇ ਪੱਛਮੀ ਸਭਿਆਚਾਰ ਨੂੰ ਗ੍ਰਹਿਣ ਕਰਦੇ ਹਨ। ਮਾਤਾ-ਪਿਤਾ ਦੇ ਡਾਲਰਾਂ/ਪੌਂਡਾਂ ਦੀ ਭੁੱਖ ਸਦਕਾ ਕਈ-ਕਈ ਘੰਟਿਆਂ ਤੱਕ ਕੰਮ ਦੀਆਂ ਸ਼ਿਫਟਾਂ ਕਰਕੇ ਉਹ ਉਹਨਾਂ ਦੇ ਪਿਆਰ ਅਤੇ ਨੈਤਿਕ ਸਿੱਖਿਆ ਤੋਂ ਵਿਰਵੇ ਰਹਿ ਜਾਂਦੇ ਹਨ ਤੇ ਪੱਛਮ ਦੇ ਖੁੱਲ੍ਹਾਂ ਵਾਲੇ ਸਮਾਜ-ਸਭਿਆਚਾਰ ਵੱਲ ਉਲਾਰ ਹੋ ਜਾਂਦੇ ਹਨ। ਜਿਸ ਕਰਕੇ ਉਹ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਅਵੇਸਲੇ ਹੀ ਹੋ ਜਾਂਦੇ ਹਨ ਕਿਉਂਕਿ ਪੱਛਮ ਦੀ ਤਰਜੇ ਜ਼ਿੰਦਗੀ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਕੋਈ ਕਾਰਗਰ ਭੂਮਿਕਾ ਨਹੀਂ ਨਿਭਾਉਂਦੇ। ਇਸ ਕਰਕੇ ਉਹਨਾਂ ਨੂੰ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਪਰ ਮਾਤਾ-ਪਿਤਾ ਆਪਣੀ ਜ਼ਮੀਨੀ ਸੋਚ ਤਹਿਤ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀਆਂ ਨੈਤਿਕ ਕਦਰਾਂ-ਕੀਮਤਾਂ ਉਹਨਾਂ ਨੂੰ ਵਿਰਾਸਤ ਵਿਚ ਦੇਣਾ ਚਾਹੁੰਦੇ ਹਨ। ਇਹਨਾਂ ਦੋਵਾਂ ਧਿਰਾਂ ਦਾ ਆਪਣਾ-ਆਪਣਾ ਸੱਚ ਹੈ ਜਿਸ 'ਤੇ ਪਹਿਰਾ ਦਿੰਦੇ ਹੀ ਅੰਤਰ ਸਭਿਆਚਾਰਕ ਦਵੰਦਾਂ ਦੇ ਸ਼ਿਕਾਰ ਹੁੰਦੇ ਹਨ।

ਪਰਵਾਸੀ ਪੰਜਾਬੀ ਭਾਈਚਾਰੇ ਦੇ ਬੱਚਿਆਂ ਦਾ ਬੇਲਗਾਮ ਹੋਣਾ ਅਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਪ੍ਰਤੀ ਉਹਨਾਂ ਦੀ ਉਦਾਸੀਨਤਾ ਨੂੰ ਦੇਖਦੇ ਹੋਏ ਡਾ. ਥਿੰਦ ਦੇ ਹੇਠ ਲਿਖੇ ਵਿਚਾਰ ਬੜੇ ਸੰਕੇਤਕ ਜਾਪਦੇ ਹਨ-

"ਹਲਕੀ-ਹਲਕੀ ਬੂੰਦਾ-ਬਾਂਦੀ ਸ਼ੁਰੂ ਹੋ ਗਈ ਸੀ। ਤੇਜ਼ੀ ਨਾਲ

ਕਾਰ ਵੱਲ ਵਧੇ ਸਾਂ। ਕਾਰ ਦੀ ਵਿੰਡ ਸਕਰੀਨ 'ਤੇ ਪੈ ਰਹੀਆਂ ਖਿੰਡਵੀਆਂ ਕਣੀਆਂ ਦੀ ਭੂਰ ਫੈਲ ਕੇ ਸਾਰੇ ਸ਼ੀਸ਼ੇ ਨੂੰ ਭਿਉਂ ਗਈ ਸੀ। ਸ਼ੂਕਦੀ ਹਵਾ ਵਿਚ ਵਾਈਪਰ ਦੇ ਹਲਕੇ-ਹਲਕੇ ਘੁੰਮਦਿਆਂ ਵਿੰਡ ਸਕਰੀਨ ਥਾਣੀਂ ਤੱਕਿਆਂ ਇਉਂ ਜਾਪ ਰਿਹਾ ਸੀ ਜਿਵੇਂ ਸਾਰਾ ਆਲਾ-ਦੁਆਲਾ ਕੰਬ ਰਿਹਾ ਹੋਵੇ। (ਪੰਨਾ 105)

ਮੇਰੀ ਜਾਚੇ ਡਾ. ਥਿੰਦ ਦੀਆਂ ਉਪਰੋਕਤ ਸਤਰਾਂ ਵਿਚ 'ਬੂੰਦਾ-ਬਾਂਦੀ' ਪੱਛਮੀ ਪੂੰਜੀਵਾਦੀ/ਵਿਅਕਤੀਗਤ ਸਭਿਆਚਾਰ ਦੀ ਕਿਣ-ਮਿਣ ਹੈ, ਜੋ ਨਿਰੰਤਰ ਪਰਵਾਸੀ ਪੰਜਾਬੀਆਂ ਦੀ ਨਵੀਂ-ਪੀੜ੍ਹੀ ਦੇ 'ਮਨ ਦੀ ਸਕਰੀਨ' 'ਤੇ ਪੈ ਰਹੀ ਹੈ, ਜਿਸ ਨੇ ਪੂਰੇ ਮਨ ਦੇ ਸ਼ੀਸ਼ੇ ਨੂੰ ਭਿਉਂ ਦਿੱਤਾ ਹੈ। ਪੱਛਮੀ ਜੀਵਨ ਸ਼ੈਲੀ ਦੀ ਸ਼ੂਕਦੀ ਹਵਾ ਨੇ ਇਸ ਪੀੜ੍ਹੀ ਨੂੰ ਆਪਣੇ ਥਪੇੜਿਆਂ ਨਾਲ ਤੁੱਕੇ ਵਾਂਗੂੰ ਸਿਧਾ ਕਰ ਲਿਆ ਹੈ। ਪਰਵਾਸੀਆਂ ਦੁਆਰਾ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ, ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਜੋੜਨ ਦੀ ਨਾਕਾਮ ਕੋਸ਼ਿਸ਼ 'ਵਾਈਪਰ' ਦਾ ਕੰਮ ਕਰਦੀ ਹੈ। ਅਜਿਹੀ ਸਥਿਤੀ ਦੇ ਸਨਮੁਖ ਪਰਵਾਸੀ ਪੰਜਾਬੀ ਭਾਈਚਾਰੇ ਦਾ, ਪੰਜਾਬੀ ਭਾਸ਼ਾ ਦਾ ਤੇ ਪੰਜਾਬੀ ਸਭਿਆਚਾਰ ਦਾ ਭਵਿਖੀ ਅਕਸ ਕੰਬ ਰਿਹਾ ਨਜ਼ਰ ਆ ਰਿਹਾ ਹੈ। ਇਹ ਡਾ. ਥਿੰਦ ਦੀ ਕਲਾਤਮਿਕਤਾ ਹੈ ਕਿ ਉਹ ਇਨ੍ਹਾਂ ਸੰਕੇਤਮਈ ਸ਼ਬਦਾਂ ਰਾਹੀਂ ਪੱਛਮੀ ਮੁਲਕਾਂ ਵਿਚ ਵਸਦੇ ਪਰਵਾਸੀ ਪੰਜਾਬੀ ਭਾਈਚਾਰੇ, ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਭਵਿੱਖੀ ਸਥਿਤੀ ਨੂੰ ਚਿੱਤਰ ਗਿਆ ਹੈ।

ਪਰਵਾਸੀ ਪੰਜਾਬੀ ਭਾਈਚਾਰੇ ਦੇ ਅੰਤਰ-ਸਭਿਆਚਾਰਕ ਦਵੰਦਾਂ ਦੀ ਗਰਿਫ਼ਤ ਵਿਚ ਆਉਣ ਦੀ ਪਰਤ ਹਥਲੀ ਰਚਨਾ ਵਿਚੋਂ ਨੌਜਵਾਨ ਭਾਰਤੀ-ਪੰਜਾਬੀ ਪਰਵਾਸੀ ਲੜਕੇ, ਲੜਕੀਆਂ ਦੁਆਰਾ ਪੱਛਮੀ ਸਭਿਆਚਾਰ ਵਿਚ ਖਚਿਤ ਹੋ ਜਾਣ ਵਿਚ ਵੀ ਖੁੱਲ੍ਹਦੀ ਹੈ। ਬਰਤਾਨੀਆਂ ਵਿਚ ਪਰਵਾਸ ਧਾਰਨ ਕਰਨ ਉਪਰੰਤ ਪੰਜਾਬੀ ਪਰਵਾਸੀਆਂ ਦੀ ਪਹਿਲੀ ਤੇ ਦੂਜੀ ਪੀੜ੍ਹੀ ਦੇ ਲੋਕ ਸਖ਼ਤ ਮਿਹਨਤ ਨਾਲ ਆਰਥਕ ਤੌਰ 'ਤੇ ਮਜਬੂਤ ਹੋ ਚੁੱਕੇ ਹਨ ਪਰ ਸਭਿਆਚਾਰਕ ਤੌਰ 'ਤੇ ਭਾਰਤੀ ਕਦਰਾਂ-ਕੀਮਤਾਂ ਦੇ ਹਾਮੀ ਹਨ। ਜਿਸ ਕਰਕੇ ਉਹਨਾਂ ਤੇ ਨਵੀਂ ਜਵਾਨ ਪੀੜ੍ਹੀ ਵਿਚ ਸਭਿਆਚਾਰਕ ਪਾੜਾ ਹੋਣ ਕਾਰਨ ਦਵੰਦ ਦੀ ਅਵਸਥਾ ਪੈਦਾ ਹੋ ਜਾਂਦੀ ਹੈ। ਅਤਿਵਿਕਸਿਤ ਮੁਲਕਾਂ ਵਿਚ ਰਹਿ ਕੇ ਵੀ ਉਹ ਭਾਰਤੀ/ਪੰਜਾਬੀ ਜਾਤ-ਪਾਤੀ ਪ੍ਰਥਾ ਤੋਂ ਪਿੱਛਾ ਨਹੀਂ ਛੁਡਾ ਸਕੇ। ਉਹ ਆਪਣੇ ਨੌਜਵਾਨ ਲੜਕੇ ਤੇ ਲੜਕੀਆਂ ਨੂੰ ਆਪਣੀ ਮਨਮਰਜ਼ੀ ਦੇ ਲੜਕੇ ਜਾਂ ਲੜਕੀ ਨਾਲ ਮਜ਼ਬੂਰੀ ਵੱਸ ਵਿਆਹ ਕਰਵਾਉਣ ਦੀ ਆਗਿਆ ਤਾਂ ਦੇਣ ਲੱਗੇ ਹਨ ਪਰ ਜਾਤ ਪਾਤ ਦਾ ਖਿਆਲ ਰੱਖਣ ਲਈ ਤਾੜਨਾ ਕਰਦੇ ਹਨ। ਪੱਛਮੀ ਦੇਹਵਾਦੀ ਖੁੱਲ੍ਹਾਂ ਦੇ ਪ੍ਰਭਾਵ ਤਹਿਤ ਪਰਵਾਸੀ ਪੰਜਾਬੀ ਲੜਕੇ ਕਿਸੇ ਗੋਰੀ ਜਾਂ ਕਾਲੀ ਨੂੰ ਵਿਆਹ ਲੈਂਦੇ ਹਨ ਜਾਂ ਸੈਕਸ ਖੁੱਲ੍ਹਾਂ ਮਾਣਦੇ ਹਨ। ਇਸੇ ਤਰ੍ਹਾਂ ਲੜਕੀਆਂ ਵੀ ਹੋਰ ਜਾਤਾਂ ਤੇ ਨਸਲਾਂ ਦੇ ਲੜਕਿਆਂ ਨਾਲ ਨਿਕਲ ਜਾਂਦੀਆਂ ਹਨ। ਜਿਸ ਕਰਕੇ ਪਰਵਾਸੀਆਂ ਦੀ

ਪਹਿਲੀ ਤੇ ਦੂਜੀ ਪੀੜ੍ਹੀ ਗਹਿਰੇ ਅੰਤਰ-ਸਭਿਆਚਾਰਕ ਦਵੰਦਾਂ ਦੀ ਸ਼ਿਕਾਰ ਹੁੰਦੀ ਹੈ। ਨਵੀਂ ਪੀੜ੍ਹੀ ਪੱਛਮੀ ਮੁਲਕਾਂ ਵਿਚ ਜੰਮੀ ਤੇ ਪਲੀ ਹੋਣ ਕਰਕੇ ਆਪਣੇ ਸਾਂਸਕ੍ਰਿਤਕ ਮੁੱਲਾਂ ਤੋਂ ਮੂੰਹ ਮੋੜਦੀ ਨਜ਼ਰ ਆਉਂਦੀ ਹੈ। ਪੁਰਾਣੀ ਪੀੜ੍ਹੀ ਦੇ ਪਰਵਾਸੀ ਆਪਣੇ ਨੌਜਵਾਨ ਲੜਕੇ ਤੇ ਲੜਕੀਆਂ 'ਤੇ ਆਪਣੇ ਫੈਸਲੇ ਥੋਪ ਕੇ ਤੇ ਕੁਝ ਹੱਦ ਤਕ ਉਹਨਾਂ ਨੂੰ ਪੂਰਾ ਕਰਨ ਵਿਚ ਆਪਣੀ ਹੋਂਦ ਦਾ ਅਹਿਸਾਸ ਪਾਲਦੇ ਹਨ। ਹਥਲੀ ਰਚਨਾ ਵਿਚ ਫੁੱਫੜ ਵੀ ਭਾਰਤੀ ਜਾਤ-ਪਾਤੀ ਪ੍ਰਥਾ ਤੋਂ ਪਿੱਛਾ ਨਹੀਂ ਛੁਡਾ ਸਕਿਆ। ਉਹ ਆਖਦਾ ਹੈ-

> "...ਧੀ ਨੂੰ ਰੱਜ ਕੇ ਪੜਾਇਆ। ਉਹਦੀ ਪਸੰਦ ਦੇ ਮੁੰਡੇ ਨਾਲ ਹੱਥੀਂ ਤੋਰਿਆ। ਆਹ ਬਹੁਤ ਸਿਆਣਿਆਂ 'ਚੋਂ ਕਿਸੇ ਦੀ ਹਬਸ਼ੀ ਨਾਲ ਭੱਜੀ ਤੇ ਕਿਸੇ ਦੀ ਮੁਸਲੇ ਨਾਲ। ਨਿੰਦੀ ਨੇ ਵੀ ਆਪ ਲੱਭੀ ਆ। ਆਪਾਂ ਨੂੰ ਕੋਈ ਉਜ਼ਰ ਨਹੀਂ। ਬੱਸ ਇਹੀ ਕਿਹਾ ਸੀ, ਜਾਤ ਦਾ ਜਰਾ ਖਿਆਲ ਰੱਖਿਉ। ਜੱਟ ਹੋਣ। ਬੱਸ ਹੋਰ ਆਪਾਂ ਨੂੰ ਕੁਝ ਨ੍ਹੀਂ ਚਾਹੀਦਾ।" (ਪੰਨਾ 144)

ਇਉਂ ਪੀੜ੍ਹੀ-ਪਾੜੇ ਕਾਰਨ ਪਰਵਾਸੀ ਪੰਜਾਬੀ ਭਾਈਚਾਰਾ ਘੋਰ ਅੰਤਰ-ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਹੁੰਦਾ ਹੈ। ਨਵੀਂ ਪੀੜ੍ਹੀ ਪੱਛਮੀ ਤਰਜ ਦੀ ਜ਼ਿੰਦਗੀ ਨੂੰ ਤਰਜੀਹ ਦਿੰਦੀ ਹੈ। ਪਰ ਪੁਰਾਣੀ ਪੀੜ੍ਹੀ ਆਪਣੀ ਜਗੀਰੂ ਸੋਚ ਤਹਿਤ ਆਪਣੇ ਬੱਚਿਆਂ ਨੂੰ ਆਪਣੇ ਵੱਸ ਵਿਚ ਰੱਖਣਾ ਚਾਹੁੰਦੀ ਹੈ। ਪੱਛਮੀ ਮੁਲਕਾਂ ਦਾ ਕਾਨੂੰਨ ਬੱਚਿਆਂ ਤੇ ਔਰਤਾਂ ਦੇ ਹੱਕ ਵਿਚ ਭੁਗਤਦਾ ਹੈ ਤੇ ਮਰਦ ਨੂੰ ਦੁਜੈਲੀ ਸਥਿਤੀ ਤੇ ਰੱਖਦਾ ਹੈ। ਕਾਨੂੰਨ ਵਲੋਂ ਮਿਲਦੀ ਮਦਦ ਨੇ ਭਾਰਤੀ ਮੂਲ ਦੀਆਂ ਔਰਤਾਂ ਤੇ ਜਵਾਨ ਹੋ ਰਹੇ ਬੱਚਿਆਂ ਨੂੰ ਵਧੇਰੇ ਖੁੱਲ੍ਹਾਂ ਮਾਨਣ ਵੱਲ ਅਗਰਸਰ ਕੀਤਾ ਹੈ। ਜਿਸ ਕਰਕੇ ਪਰਵਾਸੀ ਪੰਜਾਬੀ ਮਰਦ (ਪਹਿਲੀ ਪੀੜ੍ਹੀ ਦੇ) ਆਪਣੀਆਂ ਜਗੀਰੂ ਰੁਚੀਆਂ ਦੇ ਤਿੜਕਣ ਕਾਰਨ ਗਹਿਰੇ ਸਭਿਆਚਾਰਕ ਅੰਤਰ-ਦਵੰਦਾਂ ਦੇ ਮੂੰਹ ਆਏ ਮਹਿਸੂਸ ਕਰਦੇ ਹਨ। ਪੱਛਮੀ ਮੁਲਕਾਂ ਵਿਚ ਪੈਦਾ ਹੋਈ ਤੇ ਪ੍ਰਵਾਨ ਚੜ੍ਹੀ ਨਵੀਂ-ਨਵੀਂ ਪੀੜ੍ਹੀ ਭਾਰਤੀ ਸਾਂਸਕ੍ਰਿਤਕ ਮੁੱਲਾਂ ਤੋਂ ਮੁਨਕਰ ਹੋ ਜਾਂਦੀ ਹੈ। ਜਿਸ ਕਰਕੇ ਦੋਵਾਂ ਪੀੜ੍ਹੀਆਂ ਵਿਚ ਸਭਿਆਚਾਰਕ ਪਾੜਾ ਪੈਦਾ ਹੋ ਜਾਂਦਾ ਹੈ। ਮਾਪਿਆਂ ਦੀ ਜਗੀਰੂ ਸੋਚ ਆਪਣੇ ਬੱਚਿਆਂ ਦੀ ਮਸ਼ੀਨੀ, ਪੂੰਜੀਵਾਦੀ ਤੇ ਉਦਯੋਗੀ ਮਾਹੌਲ ਨਾਲ ਸਬੰਧਿਤ ਸੋਚ 'ਤੇ ਹਾਵੀ ਨਹੀਂ ਹੁੰਦੀ। ਇਹ ਸੰਘਰਸ਼ ਬੀਤੇ ਤੇ ਵਰਤਮਾਨ ਸਮੇਂ ਵਿਚਾਲੇ ਹੈ। ਮਾਪਿਆਂ ਦੇ ਮੁੱਲ (ਜਾਤ-ਪਾਤ, ਧਾਰਮਿਕ, ਸਮਾਜਿਕ ਕਦਰਾਂ-ਕੀਮਤਾਂ) ਨਵੀਂ ਪੀੜ੍ਹੀ ਨੂੰ ਰਾਸ ਨਹੀਂ ਆਉਂਦੇ। ਨਵੀਂ ਪੀੜ੍ਹੀ ਆਪਣੇ ਢੰਗਾਂ ਅਨੁਸਾਰ ਜੀਵਨ ਜਿਉਣ ਦੀ ਇੱਛਾ ਰੱਖਦੀ ਹੈ। ਜਿਥੇ ਮਾਪਿਆਂ ਦੀ ਸੰਤੁਸ਼ਟੀ ਪੰਜਾਬੀ ਸਭਿਆਚਾਰ ਕਬੂਲਦੀ ਹੈ। ਜਿਸ ਦੇ ਨਤੀਜੇ ਵਜੋਂ ਪੀੜ੍ਹੀ ਪਾੜਾ ਹੋਂਦ ਵਿਚ ਆਉਂਦਾ ਹੈ। ਇਸ ਪੀੜ੍ਹੀ-ਪਾੜੇ ਦਾ ਤਣਾਉ ਆਪਣੀ ਸਿਖਰ 'ਤੇ ਉਦੋਂ ਪਹੁੰਚਦਾ ਹੈ ਜਦੋਂ ਪਰਵਾਸੀ ਪੰਜਾਬੀਆਂ ਦੀਆਂ ਧੀਆਂ ਵਧੇਰੇ ਖੁੱਲ੍ਹਾਂ ਮਾਨਣ ਲਗਦੀਆਂ

ਹਨ। ਮੁੰਡਿਆਂ ਦੀਆਂ ਹਰਕਤਾਂ 'ਤੇ ਕੀਤਾ ਜਾਂਦਾ ਮਾਣ ਧੀਆਂ ਵੇਲੇ ਅਪਮਾਨ ਬਣ ਜਾਂਦਾ ਹੈ।[7] ਪਰ ਉਹ ਭਾਰਤੀ ਔਰਤਾਂ, ਜੋ ਆਪਣੀ ਜ਼ਿੰਦਗੀ ਦੇ ਪਿਛਲੇ ਪਹਿਰ ਪੱਛਮੀ ਮੁਲਕਾਂ ਵਿਚ ਜਾਂਦੀਆਂ ਹਨ, ਤਾਂ ਉਹ ਜਗੀਰੂ ਸਮਾਜ ਦੀਆਂ ਕਦਰਾਂ-ਕੀਮਤਾਂ ਆਪਣੇ ਨਾਲ ਲੈ ਕੇ ਜਾਂਦੀਆਂ ਹਨ। ਉਹ ਚਾਹੁੰਦੀਆਂ ਹਨ ਕਿ ਉਹਨਾਂ ਦੇ ਪੋਤੇ-ਪੋਤੀਆਂ ਵੀ ਉਹਨਾਂ ਵਾਂਗ ਭਾਰਤੀ ਕਦਰਾਂ-ਕੀਮਤਾਂ ਨੂੰ ਅਪਣਾਉਣ, ਪਰ ਜਵਾਨ ਔਰਤਾਂ ਤੇ ਬੱਚੇ ਅਜਿਹਾ ਕਰਨ ਲਈ ਤਿਆਰ ਨਹੀਂ ਕਿਉਂਕਿ ਉਹ ਪੱਛਮੀ ਮੁਲਕਾਂ ਦੇ ਮੂਲ ਵਾਸੀਆਂ ਵਾਂਗ ਆਰਥਿਕ ਖੇਤਰ ਦੇ ਨਾਲ-ਨਾਲ ਸਭਿਆਚਾਰਕ ਖੇਤਰ ਵਿਚ ਵੀ ਖੁੱਲ੍ਹਾਂ ਮਾਣਨਾ ਚਾਹੁੰਦੇ ਹਨ। ਇਸ ਲਈ ਚਾਹੇ ਉਹਨਾਂ ਨੂੰ ਕਾਨੂੰਨ ਦੀ ਮਦਦ ਹੀ ਕਿਉਂ ਨਾ ਲੈਣੀ ਪਵੇ। ਹਥਲੀ ਰਚਨਾ ਵਿਚ ਨੌਜਵਾਨ ਬੱਚਿਆਂ ਤੇ ਉਹਨਾਂ ਦੀ ਮਾਂ ਦੁਆਰਾ ਕੀਤੀ ਅਜਿਹੀ ਹਰਕਤ ਤੋਂ ਦੁਖੀ ਹੋਈ ਬਜ਼ੁਰਗ ਪਾਤਰ ਆਖਦੀ ਹੈ:

> "... ਮੇਰਾ ਪੁੱਤ ਏਡਾ ਸਲੱਗ, ਕਦੇ ਮੀਟ ਆਂਡੇ ਨੂੰ ਹੱਥ ਨਾ ਲਾਵੇ। ਦੋ ਵੇਲੇ ਪਾਠ ਕਰਕੇ ਅੰਨ੍ਹ ਮੂੰਹ 'ਚ ਪਾਵੇ। ਪਸ਼ੂਆਂ ਵਾਂਗ ਸਾਰੀ ਉਮਰ ਖਪਦਾ ਰਿਹਾ। ਕੈਂਦਾ, "ਬੱਚਿਆਂ ਦੀ ਜੂਨ ਸੁਆਰਨੀ। ਸੁਆਰ ਲੈ, ਨਖਸਮੇ ਮਤਲਬੀ ਨਿਕਲੇ ਸਭ। ਕੁੜੀਆਂ ਜੂਨੀਵਰਸਟੀ ਗਈਆਂ, ਪਰ ਨਿਕਲ ਆਏ। ਵਾਵਾਂ ਈ ਬਦਲ ਗੀਆਂ। ਲੱਗੀਆਂ ਮਨ ਆਈਆਂ ਕਰਨ। ਲੈ ਹੁਣ ਕਿਹੜਾ ਅਣਖ ਵਾਲਾ ਜੱਟ ਕੁੜੀ ਨੂੰ ਮੁੰਡਿਆਂ ਨਾਲ ਫਿਰਨ ਭੇਜ ਦੂ। ਏਤੋਂ ਨੀ ਝੱਲੀਆਂ ਗਈਆਂ। ਮਾੜੀਆਂ ਜਿਹੀਆਂ ਝਿੜਕਤੀਆਂ। ਲੱਗ ਪਈਆਂ ਡਡਿਆਉਣ। ਪੁਲਿਸ ਬੁਲਾ ਲੀ। ਮਾਂ ਨੂੰ ਵਸ 'ਚ ਕਰ ਲਿਆ। ਏਨੂੰ ਛੱਡ ਕੁੜੀਆਂ ਨਾ ਰਲਗੀ ਚੰਦਰੀ। ਚੁੱਕ ਕੇ ਸਮਾਨ ਤੁਰਗੀਆਂ। ਏਨੂੰ ਪੁਲਿਸ ਲੈਗੀ। ਕਾਲਖ ਮਲਤੀ ਮੁੰਡੇ ਦੇ ਮੂੰਹ ਤੇ। ਫਿਟੇ ਮੂੰਹ ਐਹੋ ਜਿਹੀ ਲਾਦ ਦੇ। ਭੱਠ 'ਚ ਪਾਉਣੀਆਂ ਆਂ ਇਹੋ ਜਿਹੀਆਂ ਲਾਦਾਂ।
>
> (ਪੰਨਾ 110)

ਇਉਂ ਜਵਾਨ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਦੀਆਂ ਵੱਖਰੀਆਂ-ਸਭਿਆਚਾਰਕ ਰੁਚੀਆਂ ਕਾਰਨ ਪਰਵਾਸੀ ਪੰਜਾਬੀ ਭਾਈਚਾਰਾ ਅੰਤਰ-ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਹੋਇਆ ਗਹਿਰੇ ਸੰਕਟ ਵਿਚ ਜੀਅ ਰਿਹਾ ਹੈ।

ਪਰਵਾਸੀ ਪੰਜਾਬੀ ਆਪਣੇ ਪੰਜਾਬ/ਭਾਰਤ ਵਿਚਲੇ ਭਾਈਚਾਰੇ ਵੱਲੋਂ ਕੀਤੀਆਂ ਬੇਈਮਾਨੀਆਂ ਕਰਕੇ ਵੀ ਅੰਤਰ-ਸਭਿਆਚਾਰਕ ਦਵੰਦਾਂ ਦੇ ਸ਼ਿਕਾਰ ਬਣਦੇ ਹਨ, ਕਿਉਂਕਿ ਉਹਨਾਂ ਦੇ ਪਰਦੇਸ ਜਾਣ ਤੋਂ ਬਾਅਦ ਉਹਨਾਂ ਦੇ ਹਿੱਸੇ ਆਉਂਦੀ ਜ਼ਮੀਨ, ਪੂੰਜੀ ਆਦਿ ਉਹਨਾਂ ਦੇ ਆਪਣੇ ਭੈਣ-ਭਰਾਵਾਂ ਜਾਂ ਨੇੜੇ ਦੇ ਰਿਸ਼ਤੇਦਾਰਾਂ ਨੇ ਹੜੱਪ ਲਈ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਬੋਲਚਾਲ ਬੰਦ ਕਰ ਦਿੱਤੀ ਹੈ। ਪਰਵਾਸੀਆਂ ਦੇ ਆਪਣੇ ਘਰ ਆਉਣ ਦੇ ਰਸਤੇ ਬੰਦ ਕਰ ਦਿੱਤੇ ਹਨ। ਬਹੁਤ ਸਾਰੇ ਪਰਵਾਸੀ ਪੰਜਾਬੀ

ਚਾਹੁੰਦੇ ਸਨ ਕਿ ਉਹ ਕਮਾਈ ਕਰਨ ਤੋਂ ਬਾਅਦ ਪੰਜਾਬ ਆ ਕੇ ਆਪਣੇ ਪਿੰਡ ਵਿਚ, ਆਪਣੇ ਭਾਈਚਾਰੇ ਵਿਚ ਆ ਕੇ ਵਸਣਗੇ ਕਿਉਂਕਿ ਕਮਾਈ ਕਰਕੇ ਵਾਪਸ ਆਉਣ ਦੀ ਗੱਲ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਪਈ ਹੈ ਜਿਸ ਦਾ ਹਵਾਲਾ ਲੋਕ ਗੀਤਾਂ ਵਿਚ ਵੀ ਮਿਲਦਾ ਹੈ- "ਬਾਰੀ ਬਰਸੀ ਖੱਟਣ ਗਿਆ ਸੀ, ਕੀ ਖੱਟ ਲਿਆਂਦਾ ?' ਇਸ ਪ੍ਰਸੰਗ ਵਿਚ ਪੰਜਾਬੀ ਬੰਦਾ ਬਾਹਰ ਜਾ ਕੇ ਕੁਝ ਖੱਟ ਕੇ ਵਾਪਸ ਘਰ ਪਰਤਨਾ ਚਾਹੁੰਦਾ ਹੈ। ਪਰ ਆਪਣਿਆਂ ਵਲੋਂ ਹੀ ਕੀਤੀ ਵਧੀਕੀ ਉਹਨਾਂ ਨੂੰ ਅਜਿਹਾ ਨਹੀਂ ਕਰਨ ਦਿੰਦੀ। ਜਿਸ ਕਰਕੇ ਨਾ ਚਾਹੁੰਦੇ ਹੋਏ ਵੀ ਪਰਵਾਸੀ ਪੰਜਾਬੀ ਪਰਦੇਸਾਂ ਵਿਚ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ। ਹਥਲੀ ਰਚਨਾ ਵਿਚ ਫੁੱਫੜ (ਪਾਤਰ) ਜਦੋਂ ਲੇਖਕ ਨੂੰ ਆਪਣੇ ਪੰਜਾਬ ਵਿਚਲੇ ਪਿੰਡ ਅਤੇ ਘਰ ਬਾਰੇ ਦੱਸਦਾ ਹੈ ਤਾਂ ਹੇਰਵੇ ਨਾਲ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ ਪਰ ਜਦੋਂ ਆਪਣੇ ਭਰਾ ਬਾਰੇ ਗੱਲ ਕਰਦਾ ਹੈ ਤਾਂ ਉਸਦੀਆਂ ਅੱਖਾਂ ਚੰਗਿਆੜੇ ਛੱਡਣ ਲਗਦੀਆਂ ਹਨ। ਉਹ ਆਖਦਾ ਹੈ-

> "....ਕੰਜਰ, ਪਿੰਡ ਦਾ ਸਰਪੰਚ ਬਣਿਆ ਫਿਰਦਾ। ਵੀਹ ਲੱਖ ਦੀ ਚੱਟੀ ਲਾਈ ਮੈਨੂੰ। ਚਾਰ ਕਿਲ੍ਹੇ ਦੱਬੀ ਬੈਠਾ। ਮਾਂ ਵੀ ਕੰਜਰ ਨੇ ਵਸ ਕਰ ਲੀ। ਕਹਿੰਦੀ "ਤੈਥੋਂ ਵੱਡਾ, ਤੇਰਾ ਗੁਜ਼ਾਰਾ ਸੋਹਣਾ, ਚੱਲ ਹੋਊ, ਤੇਰੇ ਹੱਥਾਂ ਦੀ ਮੈਲ ਆ।" ਬੁੱਢੀ ਨੇ ਇਹ ਨ੍ਹੀ ਸੋਚਿਆ ਜਿਨੂ ਮੈਲ ਦਸਦੀ ਉਸ ਲਈ ਕਿੰਨ੍ਹੇ ਹੱਡ ਗਾਲਣੇ ਪਏ। ਇੰਡੀਆ 'ਚ ਸਭ ਮਤਲਬੀ ਆ। ਜਾਉ ਤਾਂ ਕਹਿੰਦੇ ਕੀ ਲਿਆਏ ? ਆਉ ਤਾਂ ਪੁਛਦੇ ਕੀ ਦੇ ਕੇ ਜਾਉਗੇ ? ਸਭ ਦੀ ਅੱਖ ਪੌਂਡਾਂ 'ਤੇ ਟਿਕੀ ਹੁੰਦੀ। ਐਵੇਂ ਉਪਰੋਂ-ਉਪਰੋਂ ਹੇਝ ਜਿਹਾ ਦਿਖਾਉਣਗੇ। ਮਿਠੇ ਬਣ-ਬਣ ਲੁਟਦੇ।" (ਪੰਨੇ 142-143)

ਇਸ ਤਰ੍ਹਾਂ ਫੁੱਫੜ ਵਰਗੇ ਅਨੇਕਾਂ ਪਰਵਾਸੀ ਹਨ ਜਿਨਾਂ ਨੂੰ ਉਹਨਾਂ ਦੇ ਆਪਣਿਆਂ ਨੇ ਹੀ ਲੁੱਟਿਆ ਹੈ, ਜਿਸ ਕਰਕੇ ਉਹ ਚਾਹ ਕੇ ਵੀ ਆਪਣੇ ਵਤਨ ਨੂੰ ਵਾਪਸ ਨਹੀਂ ਆ ਸਕੇ ਤੇ ਉਥੇ ਹੀ ਆਪਣੀ ਭਾਸ਼ਾ ਅਤੇ ਸਭਿਆਚਾਰ ਦੀ ਅਣਹੋਂਦ ਵਿਚ ਸੰਕਟਮਈ ਸਥਿਤੀਆਂ ਦੇ ਭਾਗੀ ਬਣੇ ਹਨ।

ਬਰਤਾਨੀਆਂ ਦੇ ਪਦਾਰਥਵਾਦੀ, ਵਿਅਕਤੀਵਾਦੀ, ਪੂੰਜੀਵਾਦੀ ਸਭਿਆਚਾਰ ਵਿਚ ਵਿਚਰਦੇ ਪਰਵਾਸੀ ਪੰਜਾਬੀਆਂ ਦੇ ਅੰਦਰੋਂ ਮੋਹ ਦੇ ਸੋਮੇ ਸੁੱਕ ਗਏ ਜਾਪਦੇ ਹਨ। ਮਸ਼ੀਨ ਨਾਲ ਮਸ਼ੀਨ ਹੋਏ ਇਹ ਖੁਲ-ਦਿਲੇ ਪੰਜਾਬੀ ਹੁਣ ਆਪਣੇ-ਆਪ ਤੱਕ ਹੀ ਸੀਮਤ ਹੋ ਗਏ ਹਨ। ਉਹ ਨਹੀਂ ਚਾਹੁੰਦੇ ਕਿ ਓਵਰ ਟਾਈਮ ਲਾ-ਲਾ ਕੇ ਕਮਾਏ ਪੌਂਡ ਉਹ ਦੇਸੋਂ ਆਏ ਬਿਨ-ਬੁਲਾਏ ਮਹਿਮਾਨਾਂ 'ਤੇ ਖਰਚ ਕਰ ਦੇਣ। ਇਸ ਲਈ ਉਹ ਅਜਿਹੇ ਮਹਿਮਾਨਾਂ ਤੋਂ ਕੰਨੀ ਕਤਰਾਉਂਦੇ ਹਨ। ਹਥਲੀ ਰਚਨਾ ਵਿਚ ਡਾ. ਘਿੰਦ ਤੇ ਪ੍ਰੋ. ਬਲਦੇਵ ਧਾਲੀਵਾਲ ਆਪਣੀ ਦੂਰ ਦੀ ਰਿਸ਼ਤੇਦਾਰ ਮਾਸੀ ਕੋਲ ਉਸ ਦੀ ਪੰਜਾਬ ਵਿਚ ਵਸਦੀ ਧੀ ਵੱਲੋਂ ਭੇਜਿਆ ਸੂਟ ਦੇਣ ਜਾਂਦੇ ਹਨ ਤਾਂ ਮਾਸੀ ਤੇ ਉਸ ਦੇ ਪੁੱਤਰ ਦਿਲਜੀਤ ਦਾ

ਓਪਰਾ ਜਿਹਾ ਵਿਵਹਾਰ ਦੇਖ ਕੇ ਹੈਰਾਨ ਹੁੰਦੇ ਹਨ। ਲੇਖਕ ਜਦੋਂ ਮਾਸੀ ਨੂੰ ਦੇਣ ਵਾਲੇ ਸੂਟ ਬਾਰੇ ਆਖਦਾ ਹੈ ਕਿ ਉਹ ਸੂਟ ਬਾਹਰੋਂ ਪਏ ਅਟੈਚੀ ਵਿਚੋਂ ਕੱਢ ਲਿਆਵੇ ਜਾਂ ਅਟੈਚੀ ਅੰਦਰ ਲੈ ਆਵੇ ਤਾਂ ਮਾਸੀ ਉਸ ਦੇ ਜਵਾਬ ਵਿਚ ਆਖਦੀ ਹੈ-

'ਦੇਖ ਲਉ ਪੁੱਤ ਜਿਵੇਂ ਚੰਗਾ ਲੱਗਦਾ।" (ਪੰਨਾ 173)

ਮਾਸੀ ਵਰਗੇ ਬਜ਼ੁਰਗ ਪਰਵਾਸੀ ਅਜਿਹਾ ਵਿਵਹਾਰ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ ਕਿਉਂਕਿ ਉਹਨਾਂ ਦੇ ਪੁੱਤਰ, ਧੀਆਂ, ਨੂੰਹਾਂ ਪੱਛਮੀ ਪਦਾਰਥਵਾਦੀ ਸਭਿਆਚਾਰ ਵਿਚ ਵਿਚਰਨ ਕਾਰਨ ਵਿਅਕਤੀਵਾਦੀ ਰੁਚੀਆਂ ਦੇ ਧਾਰਨੀ ਹੋ ਜਾਂਦੇ ਹਨ। ਜਿਸ ਕਰਕੇ ਬਜ਼ੁਰਗ ਉਹਨਾਂ ਨੂੰ ਪੁੱਛੇ ਤੋਂ ਬਿਨ੍ਹਾਂ ਘਰ ਵਿਚ ਕੋਈ ਫ਼ੈਸਲਾ ਨਹੀਂ ਕਰ ਸਕਦੇ। ਇਸੇ ਕਰਕੇ ਮਾਸੀ ਵਰਗੀ ਬਜ਼ੁਰਗ ਔਰਤ ਅਜਿਹਾ ਵਿਵਹਾਰ ਹਾਲਤ ਦੀ ਮਜ਼ਬੂਰੀ ਵੱਸ ਕਰਦੀ ਹੈ। ਉਹ ਚਾਹੁੰਦੀ ਤਾਂ ਹੈ ਕਿ ਆਪਣੇ ਵਤਨੋਂ ਆਏ ਪੁੱਤਰਾਂ ਦੀ ਹਰ ਪੱਖੋਂ ਟਹਿਲ ਸੇਵਾ ਕਰੇ ਪਰ ਸਥਿਤੀਆਂ ਅਜਿਹੀਆਂ ਹਨ ਕਿ ਉਹ ਅਜਿਹਾ ਨਹੀਂ ਕਰ ਸਕਦੀ। ਉਹ ਆਖਦੀ ਹੈ-

"…. ਕਿਥੇ ਆ ਹੁੰਦਾ ਏਡੀ ਦੂਰ। ਰਾਤ ਵੀ ਨ੍ਹੀ ਰੁਕੇ। ਰੁਕ ਜਾਣਾ ਸੀ। ਵਹੁਟੀ, ਨਿਆਣੇ ਤਾਂ ਅਜੇ ਮਿਲੇ ਵੀ ਨ੍ਹੀ।" ਇਹ ਕਹਿੰਦਿਆਂ ਹੀ ਮਾਸੀ ਦੀ ਆਵਾਜ਼ ਵਿਚ ਹਉਕਾ ਜਿਹਾ ਭਰ ਗਿਆ ਸੀ। ਬਾਹਰ ਦੀ ਮੱਧਮ ਰੌਸ਼ਨੀ ਵਿਚ ਉਸਦਾ ਚਿਹਰਾ ਚੰਗੀ ਤਰ੍ਹਾਂ ਨਜ਼ਰ ਨਹੀਂ ਸੀ ਪਿਆ। ਉਸਦੇ ਕੰਬਦੇ ਬਜ਼ੁਰਗ ਹੱਥ ਮੈਨੂੰ ਪਿਆਰ ਦੇਣ ਲਈ ਉੱਠ ਗਏ ਸਨ। ਸੀਨੇ ਨਾਲ ਲੱਗਦਿਆਂ ਹੀ ਮੈਨੂੰ ਮਾਸੀ ਅੰਦਰ ਕਾਂਬਾ ਜਿਹਾ ਛਿੜਿਆ ਮਹਿਸੂਸ ਹੋਇਆ। ਹੁਣ ਮੇਰੀ ਪਿੱਠ ਤੇ ਉਸਦਾ ਹੱਥ ਫਿਰ ਰਿਹਾ ਸੀ। ਮੈਨੂੰ ਇੰਜ ਜਾਪਿਆ ਜਿਵੇਂ ਉਹ ਪਿਆਰ ਦੇਣ ਦੀ ਬਜਾਇ ਆਪਣੇ ਲਈ ਕੁਝ ਲੱਭ ਰਹੀ ਹੋਵੇ। ਫਿਰ ਉਹ ਭਰੜਾਈ ਅਵਾਜ਼ ਨਾਲ ਬੋਲੀ ਸੀ, "ਪੁੱਤਰਾ ਮਿੱਠੀ ਕੈਦ ਆ ਏਥੇ" (ਪੰਨਾ 175)

ਇਉਂ ਅਸੀਂ ਦੇਖਦੇ ਹਾਂ ਕਿ ਪਰਵਾਸੀਆਂ ਦੀ ਨਵੀਂ ਪੀੜ੍ਹੀ ਤਾਂ ਪੱਛਮੀ ਸਭਿਆਚਾਰ ਦੀ ਗਰਿਫ਼ਤ ਵਿਚ ਪੂਰੀ ਤਰ੍ਹਾਂ ਆ ਗਈ ਹੈ ਪਰ ਪੁਰਾਣੀ ਪੀੜ੍ਹੀ ਦਾ ਇਸ ਸਭਿਆਚਾਰ ਵਿਚ ਦਮ ਘੁੱਟਦਾ ਹੈ। ਪੁਰਾਣੀ ਪੀੜ੍ਹੀ ਆਪਣੀਆਂ ਭਾਰਤੀ ਰੁਚੀਆਂ ਤਹਿਤ ਚਾਹੁੰਦੀ ਹੈ ਕਿ ਉਹਨਾਂ ਦੇ ਬੱਚੇ ਉਹਨਾਂ ਦੇ ਫ਼ੈਸਲੇ ਮੰਨਣ, ਇੱਜ਼ਤ ਕਰਨ, ਬੁਢੇਪੇ ਵਿਚ ਸਹਾਰਾ ਬਣਨ ਪਰ ਉਹ ਅਜਿਹੇ ਕਾਰਜਾਂ ਤੋਂ ਇਨਕਾਰੀ ਹਨ ਜਿਸ ਕਰਕੇ ਇਹ ਪੀੜ੍ਹੀ ਹੇਰਵੇ ਦਾ ਸ਼ਿਕਾਰ ਹੋਈ ਪਈ ਹੈ।

ਪਰਵਾਸੀ ਪੰਜਾਬੀ ਭਾਈਚਾਰੇ ਦੀ ਨਵੀਂ ਪੀੜ੍ਹੀ ਇਨ੍ਹਾਂ ਅਤਿਵਿਕਸਤ ਮੁਲਕਾਂ ਦੀ ਮਨੁੱਖ ਨੂੰ ਪਸ਼ੂ ਬਿਰਤੀਆਂ ਵੱਲ ਲੈ ਜਾਣ ਵਾਲੀ ਅਖੌਤੀ ਆਜ਼ਾਦੀ ਵੱਲ ਉਲਾਰ ਹੋ ਰਹੀ ਹੈ। ਆਪਣੇ ਮਾਪਿਆਂ ਦੇ ਸਭਿਆਚਾਰ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-

ਕੀਮਤਾਂ ਨੂੰ ਤਿਲਾਂਜਲੀ ਦੇ ਕੇ ਜਿਥੇ ਆਪਣੇ ਜੀਵਨ ਨੂੰ ਦੁੱਭਰ ਬਣਾ ਰਹੀ ਹੈ, ਉਥੇ ਮਾਪਿਆਂ ਨੂੰ ਵੀ ਕਲੰਕਿਤ ਕਰ ਰਹੀ ਹੈ। ਇਸ ਦੇਸ਼ ਵਿਚ ਬੱਚਿਆਂ ਨੂੰ ਦਿੱਤੀ ਬੇਲੋੜੀ, ਸੁਤੰਤਰਤਾ, ਵਿਅਕਤੀ ਲਈ ਮਨਮਾਨੀਆਂ ਤੇ ਅਨੈਤਿਕ ਕੀਮਤਾਂ ਨਾਲ ਪਰਣਾਈ ਜਾ ਚੁੱਕੀ ਹੈ।8 ਇਹ ਪੀੜ੍ਹੀ ਪੱਛਮੀ ਸਮਾਜ-ਸਭਿਆਚਾਰ ਦੀਆਂ ਦੇਹਵਾਦੀ ਰੁਚੀਆਂ ਦੀ ਵਧੇਰੇ ਸ਼ਿਕਾਰ ਹੋ ਰਹੀ ਹੈ। ਇਹ ਪੀੜ੍ਹੀ ਪੱਛਮੀ ਮੁਲਕਾਂ ਦੇ ਮੂਲਵਾਸੀਆਂ ਦੀ ਰੀਸੋ-ਰੀਸ ਸ਼ਰਾਬ, ਸਿਗਰਟ ਤੇ ਅਨੇਕਾਂ ਹੋਰ ਨਸ਼ਿਆਂ ਦਾ ਸੇਵਨ ਕਰਨਾ ਅਤੇ ਸੈਕਸ ਖੁੱਲ੍ਹਾਂ ਨੂੰ ਮਾਨਣਾ ਆਪਣਾ ਨੈਤਿਕ ਹੱਕ ਸਮਝਦੀ ਹੈ। ਭਾਰਤੀ/ਪੰਜਾਬੀ ਸਭਿਆਚਾਰ ਵਿਚ ਇਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਂਦਾ ਕਿ ਔਰਤਾਂ ਸ਼ਰਾਬ ਜਾਂ ਕੋਈ ਹੋਰ ਨਸ਼ਾ ਸ਼ਰ੍ਹੇਆਮ ਕਰਨ ਤੇ ਖੁੱਲ੍ਹੀਆਂ ਸੈਕਸ ਖੇਡਾਂ ਖੇਡਣ। ਪਰ ਪੱਛਮੀ ਮੁਲਕਾਂ ਵਿਚ ਪੈਦਾ ਹੋਈਆਂ ਤੇ ਪਰਵਾਨ ਚੜ੍ਹੀਆਂ ਪੰਜਾਬੀ/ਭਾਰਤੀ ਕੁੜੀਆਂ ਅਜਿਹੀਆਂ ਖੁੱਲ੍ਹਾਂ ਨੂੰ ਬੇਬਾਕੀ ਨਾਲ ਮਾਣਦੀਆਂ ਹਨ ਜਿਸ ਕਰਕੇ ਉਹਨਾਂ ਦੇ ਮਾਪਿਆਂ ਨੂੰ ਨਮੋਸ਼ੀ ਹੁੰਦੀ ਹੈ। ਉਹ ਚਾਹ ਕੇ ਵੀ ਇਸ ਉਲਾਦ ਦਾ ਕੁਝ ਨਹੀਂ ਕਰ ਸਕਦੇ। ਅਜਿਹੀ ਸਥਿਤੀ ਦੇ ਅੰਤਰਗਤ ਉਹ ਕੀ ਕਰਨ, ਕੀ ਨਾ ਕਰਨੀ ਦੀ ਦੁਬਿਧਾ ਵਿਚ ਪਏ ਸਭਿਆਚਾਰਕ ਦਵੰਦਾਂ ਨੂੰ ਭੋਗਦੇ ਹਨ। ਹਥਲੀ ਰਚਨਾ ਵਿਚ ਭਾਰਤੀ ਮੂਲ ਦੀਆਂ ਨੌਜੁਆਨ ਕੁੜੀਆਂ ਸ਼ਰਾਬ ਪੀ ਕੇ ਕਾਰਾਂ ਚਲਾਉਣ ਤੇ ਸੈਕਸ ਖੁੱਲ੍ਹਾਂ ਨੂੰ ਮਾਣਦੀਆਂ ਨਜ਼ਰ ਆਉਂਦੀਆਂ ਹਨ। ਲੇਖਕ ਉਹਨਾਂ ਬਾਰੇ ਆਖਦਾ ਹੈ:

> "... ਇਸ ਵਾਰ ਕਾਰ ਪੰਜਾਬੀ ਦਿਖ ਵਾਲੀਆਂ ਕੁੜੀਆਂ ਦੀ ਸੀ।... ਕੁੜੀਆਂ ਵੀ ਪੂਰੀਆਂ ਮਸਤੀਆਂ ਪਈਆਂ ਸਨ। ਉਨ੍ਹਾਂ ਨੇ ਕਾਰ ਵਿੱਚ ਤਿੱਖੀ ਆਵਾਜ਼ ਵਿਚ ਦਲੇਰ ਮਹਿੰਦੀ ਦੀ ਕੈਸੇਟ ਲਾਈ ਹੋਈ ਸੀ। ਕਾਰ ਚਲਾਉਂਦਿਆਂ ਹੀ ਉਹ ਆਪਣੀਆਂ ਸੀਟਾਂ 'ਤੇ ਉੱਛਲ-ਉੱਛਲ ਡਾਂਸ ਕਰ ਰਹੀਆਂ ਸਨ। ਫਿਰ ਉਨ੍ਹਾਂ ਦੀ ਕਾਰ ਦਾ ਸ਼ੀਸ਼ਾ ਖੁੱਲ੍ਹਿਆ ਸੀ। ਬੀਅਰ ਦੇ ਦੋ ਖਾਲੀ ਕੈਨ ਸੜਕ 'ਤੇ ਵਗਾਹ ਮਾਰੇ ਸਨ। ਕਾਰ ਸਾਥੋਂ ਕਦੇ ਅੱਗੇ ਕਦੇ ਪਿੱਛੇ ਹੋ ਜਾਂਦੀ ਸੀ। ਉਹ ਸਾਨੂੰ ਉਕਸਾ ਰਹੀਆਂ ਸਨ।" (ਪੰਨਾ 178)

ਇਉਂ ਭਾਰਤੀ/ਪੰਜਾਬੀ ਸਭਿਆਚਾਰ ਦੇ ਪ੍ਰਤੀਮਾਨਿਕ ਪੱਖ ਦੇ ਨਿਯੰਤਰਨ ਦੇ ਅੰਤਰਗਤ ਭਾਰਤੀ/ਪੰਜਾਬੀ ਕੁੜੀਆਂ ਦੁਆਰਾ ਆਪਣੇ ਅੰਦਰ ਦਬ-ਘੁੱਟ ਕੇ ਰੱਖੀਆਂ ਸਧਰਾਂ, ਇੱਛਾਵਾਂ, ਅਕਾਂਖਿਆਵਾਂ ਪੱਛਮੀ ਸਭਿਆਚਾਰਕ ਪਰਿਵੇਸ਼ ਵਿਚ ਦੂਣੀਆਂ ਚੌਣੀਆਂ ਹੋ ਕੇ ਫੁੱਟਦੀਆਂ ਹਨ। ਇਹਨਾਂ ਸਧਰਾਂ, ਇਛਾਵਾਂ, ਅਕਾਂਖਿਆਵਾਂ ਦੀ ਪੂਰਤੀ ਹਿੱਤ ਪੱਛਮੀ ਮੁਲਕਾਂ ਵਿਚ ਮਿਲੀ ਹਰ ਤਰ੍ਹਾਂ ਦੀ ਆਜ਼ਾਦੀ ਨੂੰ ਇਹ ਕੁੜੀਆਂ ਪੂਰੀ ਰੂਹ ਨਾਲ ਮਾਣਨਾ ਚਾਹੁੰਦੀਆਂ ਹਨ, ਜਿਸ ਕਰਕੇ ਪਰਵਾਸੀ ਪੰਜਾਬੀ ਭਾਈਚਾਰਾ ਆਪਣੀਆਂ ਧੀਆਂ ਵੱਲੋਂ ਕੀਤੀਆਂ ਜਾਂਦੀਆਂ ਅਜਿਹੀਆਂ ਹਰਕਤਾਂ ਤੋਂ ਆਪਣੀ ਸਭਿਆਚਾਰਕ ਪੁਜ਼ੀਸ਼ਨ 'ਤੇ ਖੜਾ ਘੋਰ ਸਭਿਆਚਾਰਕ ਦਵੰਦਾਂ ਦਾ ਭਾਗੀ ਬਣਦਾ

ਹੈ।

ਅੰਤਰ-ਸਭਿਆਚਾਰਕ ਦਵੰਦਾਂ ਨੂੰ ਪ੍ਰੌਢ ਰੂਪ ਪ੍ਰਦਾਨ ਕਰਨ ਵਾਲਾ ਮਹੱਤਵਪੂਰਨ ਕਾਰਕ ਨਸਲੀ ਵਿਤਕਰਾ ਹੈ। ਬਰਤਾਨੀਆਂ ਦੇ ਮੂਲ ਵਾਸੀ ਆਪਣੀ ਸਭਿਆਚਾਰਕ ਉਤਮਤਾ ਦੀ ਮਿਥ ਵਿਚ ਜਿਉਂ ਰਹੇ ਹਨ। ਉਹ ਪੂਰੇ ਏਸ਼ੀਆ ਦੇ ਲੋਕਾਂ ਨੂੰ ਨਫ਼ਰਤ ਕਰਦੇ ਹਨ ਤੇ ਆਪਣੇ ਗ਼ੁਲਾਮਾਂ ਦੇ ਰੂਪ ਵਿਚ ਹੀ ਦੇਖਦੇ ਹਨ। ਨਸਲੀ ਵਿਤਕਰੇ ਤੋਂ ਛੁਟਕਾਰਾ ਪਾਉਣ ਲਈ ਏਸ਼ੀਆਈ ਨੌਜੁਆਨ ਪੱਛਮੀ ਮੁਲਕਾਂ ਦੀਆਂ ਕੁੜੀਆਂ/ਬੁੱਢੀਆਂ ਮੇਮਾਂ ਨਾਲ ਕਿਵੇਂ ਨਾ ਕਿਵੇਂ ਵਿਆਹ ਵੀ ਕਰਾਉਂਦੇ ਹਨ ਕਿ ਸ਼ਾਇਦ ਇਹ ਲੋਕ ਉਹਨਾਂ ਨਾਲ ਨਸਲੀ ਵਿਤਕਰਾ ਕਰਨੋਂ ਹਟ ਜਾਣ ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਨਸਲੀ ਵਿਤਰਕੇ ਦਾ ਜੋ ਕੀੜਾ ਅੰਗਰੇਜ਼ ਲੋਕਾਂ ਦੇ ਦਿਮਾਗ਼ ਵਿਚ ਬੈਠਾ ਹੈ ਉਸ ਨੂੰ ਛੇਤੀ ਕੀਤਿਆਂ ਨਹੀਂ ਕੱਢਿਆ ਜਾ ਸਕਦਾ। ਜਿਹੜੀਆਂ ਪੱਛਮੀ ਮੂਲ ਦੀਆਂ ਕੁੜੀਆਂ ਪਰਵਾਸੀ ਪੰਜਾਬੀਆਂ ਨਾਲ ਵਿਆਹ ਕਰਾਉਂਦੀਆਂ ਹਨ ਉਹ ਚਾਹੁੰਦੀਆਂ ਹਨ ਕਿ ਇਹ ਪਰਵਾਸੀ ਸਾਡੇ ਮੂਲ ਸਭਿਆਚਾਰ ਤੇ ਭਾਸ਼ਾ ਨੂੰ ਹੀ ਅਪਣਾਉਣ ਅਤੇ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਸਾਡੇ ਜੋਗੇ ਹੀ ਰਹਿਣ। ਪਰ ਪਰਵਾਸੀ ਪੰਜਾਬੀ ਆਪਣੀਆਂ ਭਾਰਤੀ/ਪੰਜਾਬੀ ਕਦਰਾਂ-ਕੀਮਤਾਂ ਤਹਿਤ ਅਜਿਹਾ ਕਰਨ ਤੋਂ ਇਨਕਾਰੀ ਹਨ ਜਿਸ ਕਰਕੇ ਪਰਿਵਾਰ ਵਿਚ ਲੜਾਈ ਝਗੜਾ ਸ਼ੁਰੂ ਹੋ ਜਾਂਦਾ ਹੈ ਜਿਸ ਦਾ ਸਿਖ਼ਰ ਤਲਾਕ ਤੱਕ ਜਾ ਪਹੁੰਚਦਾ ਹੈ। ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ ਕਾਰਨ ਇਹ ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਹੋ ਜਾਂਦੇ ਹਨ। ਹਥਲੀ ਰਚਨਾ ਵਿਚ ਰਾਜਿੰਦਰ ਨਾਂ ਦਾ ਪਾਤਰ ਪੱਕਾ ਹੋਣ ਅਤੇ ਨਸਲੀ ਵਿਤਕਰੇ ਤੋਂ ਬਚਣ ਲਈ ਪਹਿਲਾਂ ਇਕ ਤੋਂ ਬਾਅਦ ਇਕ ਬੁੱਢੀ ਮੇਮ ਨਾਲ ਵਿਆਹ ਕਰਵਾਉਂਦਾ ਹੈ ਪਰ ਉਹ ਛੱਡ ਜਾਂਦੀਆਂ ਹਨ। ਫਿਰ ਇਕ ਜਵਾਨ ਮੇਮ ਨਾਲ ਵਿਆਹ ਕਰਵਾਉਂਦਾ ਹੈ ਪਰ ਉਹ ਵੀ ਉਸ ਨੂੰ ਰਾਸ ਨਹੀਂ ਆਉਂਦੀ। ਉਹ ਆਖਦਾ ਹੈ-

> "ਉਹਦੇ ਮਾਪਿਆਂ ਕੰਜਰਾਂ ਨੇ ਸਾਡਾ ਘਰ ਪੱਟਤਾ। ਉਹ ਨ੍ਹੀ ਸੀ ਖੁਸ਼ ਪਹਿਲੇ ਦਿਨੋਂ ਈ। ਮੈਨੂੰ ਲੈਕ ਨ੍ਹੀ ਸੀ ਕਰਦੇ। ਰੋਜ਼ ਚੁਕਿਆ ਕਰਨ। ਕਹਿਣ "ਇਹ ਪੱਕਾ ਹੋਣ ਤੀਕ ਮਗਰ-ਮਗਰ ਫਿਰਦਾ। ਇਹ ਏਸ਼ੀਅਨ ਬੜੇ ਗੰਦੇ ਬੰਦੇ ਹੁੰਦੇ।"... ਝੋਟੇ ਵਾਂਗ ਕੰਮ ਕੀਤਾ ਉਨੀ ਦਿਨੀ ਮੈਂ। ਪਿੱਛੋਂ ਫ਼ੂਨ ਤੇ ਫ਼ੂਨ, ਚਿੱਠੀ ਤੇ ਚਿੱਠੀ, ਛੇਤੀ ਪੈਸੇ ਭੇਜੋ। ਪਿੱਛੇ ਮਾਂ ਪਿਉ ਸੀ, ਭੈਣ-ਭਰਾ ਸੀ, ਫਰਜ਼ ਵੀ ਬਣਦਾ ਸੀ। ਪੈਸੇ, ਕਾਹਦੇ ਭੇਜੇ ਘਰ 'ਚ ਲੜਾਈ ਵਾੜ੍ਹ ਲੀ। ਉੱਤੋ ਮਾਂ-ਪਿਉ ਦੀ ਚੁੱਕਣਾ। ਹੱਥੀਂ ਲੜ੍ਹਣ 'ਤੇ ਆ ਪਈ। ਸਣੇ ਮਾਂ ਪਿਉ ਮੈਨੂੰ ਗਾਲ੍ਹਾਂ 'ਤੇ ਉਤਰ ਆਇਆ ਕਰੇ। ਕਹੇ ਸਭ ਇੰਡੀਅਨ ਚੋਰ ਹਨ। ਮੈਂ ਵੀ ਫਿਰ ਬੜੀ ਜੁਤੀ ਫੇਰੀ। ਘਰ ਤਾਂ ਉੱਜੜਨਾ ਈ ਸੀ, ਜੁੱਤੀ ਰੂਹ ਨਾਲ ਵਾਹੀ। ਸੋਚਿਆ ਏਨੂ ਵੀ ਪਤਾ ਲੱਗੇ ਸਿੰਘ ਕੀ ਚੀਜ਼

ਹੁੰਦੇ ਆਂ।... ਏਥੇ ਕਮਾਉਣ ਕੀ ਆਗੇ ਸਭ ਸਾਲੇ ਮੱਖੀ ਮੱਛਰ ਈ ਸਮਝਣ ਲੱਗਗੇ।" (ਪੰਨਾ 182)

ਇਉਂ ਪੰਜਾਬੀ ਬੰਦਾ ਲੱਖਾਂ ਮੁਸੀਬਤਾਂ ਸਹਿ ਕੇ ਵੀ ਆਪਣੇ ਅੰਦਰ ਦੀ ਗ਼ੈਰਤ ਨੂੰ ਮਰਨ ਨਹੀਂ ਦੇਣਾ ਚਾਹੁੰਦਾ ਇਸ ਲਈ ਚਾਹੇ ਉਸ ਨੂੰ ਰਾਜਿੰਦਰ ਵਾਂਗ ਆਪਣਾ ਘਰ ਹੀ ਕੁਰਬਾਨ ਕਿਉਂ ਨਾ ਕਰਨਾ ਪਵੇ। ਇਸ ਤਰ੍ਹਾਂ ਅਨੇਕਾਂ ਪਾਪੜ ਵੇਲ ਕੇ ਵੀ ਪੰਜਾਬੀ ਪਰਵਾਸੀ ਨਸਲੀ ਵਿਤਕਰੇ ਤੋਂ ਬਚ ਨਹੀਂ ਸਕਦਾ ਜਿਸ ਕਰਕੇ ਉਸ ਲਈ ਅੰਤਰ-ਸਭਿਆਚਾਰਕ ਦਵੰਦਾਂ ਦੇ ਪੁੜਾਂ ਵਿਚ ਪਿਸਣਾ ਉਸ ਦੀ ਹੋਣੀ ਬਣ ਗਈ ਹੈ।

ਪਰਵਾਸੀ ਪੰਜਾਬੀਆਂ ਦੇ ਪਰਵਾਸ ਧਾਰਨ ਪਿੱਛੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਹਥਲੀ ਰਚਨਾ ਵਿਚ ਇਸ ਪਰਵਾਸ ਧਾਰਨ ਪਿੱਛੇ ਮੂਲ ਕਾਰਨ ਪੰਜਾਬ ਦੀ ਡੁੱਬ ਰਹੀ ਅਰਥ ਵਿਵਸਥਾ ਅਤੇ ਵਿਆਪਕ ਬੇਰੁਜ਼ਗਾਰੀ ਹੈ। ਨੌਜਵਾਨਾਂ ਦਾ ਭਵਿੱਖ ਹਨੇਰੇ ਵਿਚ ਹੈ, ਉਹ ਆਪਣੇ ਹਨੇਰੇ ਭਵਿੱਖ ਨੂੰ ਰੁਸ਼ਨਾਉਣ ਲਈ ਵਿਦੇਸ਼ਾਂ ਨੂੰ ਪਰਵਾਸ ਕਰਦੇ ਹਨ। ਅਮੀਰ ਬਣਨ ਦੇ ਸੁਪਨਿਆਂ ਤੋਂ ਬਿਨਾਂ ਪੌਂਡਾਂ ਨਾਲ ਕੋਠੀਆਂ ਬਣਾਉਣਾ, ਪਿੰਡ 'ਚ ਟੌਹਰ ਬਣਾਉਣੀ, ਫ਼ੋਕੀ ਸ਼ੁਹਰਤ ਪ੍ਰਾਪਤ ਕਰਨੀ ਅਤੇ ਗੋਰੀਆਂ ਭੋਗਣ ਦਾ ਸੁਪਨਾ ਵੀ ਇਸ ਵਰਗ ਦਾ ਨਿਸ਼ਾਨਾ ਹੈ।[9] ਇਹਨਾਂ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਹਰ ਪੰਜਾਬੀ ਜਾਇਜ-ਨਜਾਇਜ਼ ਤਰੀਕਾ ਵਰਤ ਕੇ ਪੱਛਮੀ ਮੁਲਕਾਂ ਵਿਚ ਪਹੁੰਚਣਾ ਚਾਹੁੰਦਾ ਹੈ। ਜਿਹੜੇ ਗੈਰ ਕਾਨੂੰਨੀ ਢੰਗਾਂ ਨਾਲ ਇਨ੍ਹਾਂ ਮੁਲਕਾਂ ਵਿਚ ਪੱਕੇ ਨਹੀਂ ਹੋ ਸਕਦੇ ਉਦੋਂ ਤੱਕ ਵਾਪਸ ਆਪਣੇ ਘਰ ਪਰਿਵਾਰ ਵਿਚ ਆਪਣੇ ਦੇਸ਼ ਨਹੀਂ ਆ ਸਕਦੇ। ਪੱਕੇ ਹੋਣ ਲਈ ਉਹਨਾਂ ਨੂੰ ਅਨੇਕਾਂ ਢੰਗ ਤਰੀਕੇ ਵਰਤਣੇ ਪੈਂਦੇ ਹਨ। ਜਿਨ੍ਹਾਂ ਵਿਚ ਇਕ ਤਰੀਕਾ ਉਥੋਂ ਦੀਆਂ ਮੂਲ ਔਰਤਾਂ/ਕੁੜੀਆਂ ਨਾਲ ਵਿਆਹ ਕਰਵਾ ਕੇ ਪੱਕਾ ਹੋਇਆ ਜਾ ਸਕਦਾ ਹੈ। ਪਰ ਆਪਣੀ ਸਭਿਆਚਾਰਕ ਉਤਮਤਾ ਦੀ ਮਿੱਥ ਵਿਚ ਜਿਉਣ ਵਾਲੀਆਂ ਅੰਗਰੇਜ਼ ਕੁੜੀਆਂ ਨੂੰ ਭਾਰਤੀ/ਪੰਜਾਬੀ ਲੋਕ ਫੁੱਟੀ ਅੱਖ ਨਹੀਂ ਭਾਉਂਦੇ। 'ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜ੍ਹੀ' ਕਹਾਵਤ ਵਾਂਗ ਪਰਵਾਸੀ ਪੰਜਾਬੀ ਆਪਣੀ ਮਾੜੀ ਆਰਥਿਕਤਾ ਅਤੇ ਪੰਜਾਬ ਸੰਕਟ ਸਮੇਂ ਪੈਦਾ ਹੋਏ ਹਾਲਾਤ ਤੋਂ ਡਰਦੇ ਪੱਛਮੀ ਮੁਲਕਾਂ ਵਿਚ ਪਹੁੰਚੇ ਪਰ ਇਥੇ ਵੀ ਉਹਨਾਂ ਨੂੰ ਅਜਿਹੇ ਸੰਕਟਾਂ ਨਾਲ ਹੀ ਦੋ-ਚਾਰ ਹੋਣਾ ਪੈ ਰਿਹਾ ਹੈ। ਹਥਲੀ ਰਚਨਾ ਵਿਚ ਜਸਵੀਰ ਨਾਂ ਦਾ ਪਾਤਰ ਆਖਦਾ ਹੈ-

> 'ਢਿੱਡ ਦੇ ਪੱਟੇ ਪਹੁੰਚਗੇ ਏਥੇ। ਜੱਟਾਂ ਦੇ ਪੁੱਤ ਦੋਧੀ ਬਣਗੇ। ਉੱਥੇ ਵੀ ਕੀ ਕਰਨਾ ਸੀ ? ਸਾਢੇ ਚਾਰ ਕਿੱਲੇ ਹਿੱਸੇ ਆਉਂਦੇ ਸੀ। ਜਾਂ ਭੁੱਖ ਨਾਲ ਮਰ ਜਾਂਦੇ ਜਾਂ ਸਰਕਾਰ ਦੀ ਗੋਲੀ ਨਾਲ। ਭਾਅ ਪੈਸਾ ਏਥੇ ਵੀ ਬਾਹਲਾ ਔਖਾ ਬਣਦਾ। ਢਿੱਡ ਘੁੱਟ ਗੁਜ਼ਾਰਾ ਕਰਨਾ ਪੈਂਦਾ। ਸੈਟਲ ਹੋਣਾ ਬਾਹਲਾ ਔਖਾ। ਕੁੜੀਆਂ ਤਾਂ ਸਾਨੂੰ ਅੱਖ ਪੁੱਟ ਕੇ ਨ੍ਹੀ ਦੇਖਦੀਆਂ। ਬੜੀ ਆਕੜ ਆ। ਅਸੀਂ ਨ੍ਹੀ ਭਾਉਂਦੇ ਉਨ੍ਹਾਂ ਨੂੰ ਫੁੱਟੀ ਅੱਖ ਵੀ।" (ਪੰਨਾ 192)

ਇਉਂ ਇਹ ਪਰਵਾਸੀ ਪੰਜਾਬੀ ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਦਿਨ-ਰਾਤ ਇਕ ਕਰਕੇ ਮਿਹਨਤ ਕਰਦੇ ਹਨ। ਇਕ-ਇਕ ਕਮਰੇ ਵਿਚ ਕਈ-ਕਈ ਜਣੇ ਰਹਿ ਕੇ ਪੰਜਾਬ ਵਿਚ ਰਹਿੰਦੇ 'ਭਈਆਂ' ਵਾਂਗ ਆਪਣਾ ਗੁਜ਼ਾਰਾ ਕਰਦੇ ਹਨ ਤਾਂ ਕਿ ਪਿੱਛੇ ਪੰਜਾਬ ਵਿਚ ਆਪਣੇ ਪਰਿਵਾਰਾਂ ਦੀ ਗੁਰਬਤ ਸੁਧਾਰ ਸਕਣ ਤੇ ਉਹ ਅਜਿਹਾ ਕਰਦੇ ਵੀ ਹਨ। ਉਹ ਸੁਪਨਿਆਂ ਦੀ ਅਜਿਹੀ ਕ੍ਰਾਂਤੀ ਵਿਚ ਵੀ ਜਿਉਂਦੇ ਹਨ ਕਿ ਉਹ ਮਿਹਨਤ ਕਰਕੇ ਆਪਣੇ ਵਤਨ ਵਿਚ ਆਪਣੇ ਪਿੰਡ ਅਜਿਹੀ ਕੋਠੀ ਪਾਉਣਗੇ ਜਿਹੋ ਜਿਹੀ ਪਿੰਡ ਵਿਚ ਕਿਸੇ ਦੀ ਵੀ ਨਾ ਹੋਵੇ ਤੇ ਫਿਰ ਪਿੰਡ ਵਿਚ ਹਿੱਕ ਕੱਢ ਕੇ ਤੁਰਿਆ ਕਰਨਗੇ ਪਰ ਅਜਿਹਾ ਹੁੰਦਾ ਬਹੁਤ ਘੱਟ ਹੈ। ਕਿਉਂਕਿ ਛੇਤੀ ਕੀਤਿਆਂ, ਉਹ ਪੱਕੇ ਨਹੀਂ ਹੁੰਦੇ ਜਿਸ ਕਾਰਨ ਉਹ ਵਤਨ ਪਰਤ ਹੀ ਨਹੀਂ ਸਕਦੇ ਜੇ ਪਰਤਦੇ ਵੀ ਹਨ ਤਾਂ ਉਹ ਅਤਿਵਿਕਸਤ ਮੁਲਕਾਂ ਵਿਚ ਬਹੁਤਾ ਸਮਾਂ ਗੁਜ਼ਾਰਨ ਕਰਕੇ ਉਥੋਂ ਦੇ ਪ੍ਰਬੰਧ ਦੇ ਆਦੀ ਹੋ ਜਾਂਦੇ ਹਨ, ਜਿਸ ਕਰਕੇ ਇਥੇ ਬਿਨ੍ਹਾਂ ਕਿਸੇ ਸੁਚੱਜੇ ਪ੍ਰਬੰਧ ਵਾਲੇ ਦੇਸ਼ ਵਿਚ, ਜਿਥੇ ਸਭ ਕੁਝ ਪੈਸਾ ਤੇ ਸ਼ਕਤੀ ਸੰਪੰਨ ਲੋਕਾਂ ਲਈ ਹੀ ਹੈ, ਰਹਿਣਾ ਔਖਾ ਹੋ ਜਾਂਦਾ ਹੈ। ਇਸ ਕਾਰਨ ਉਹ ਦਵੰਦ ਵਿਚ ਪੈ ਜਾਂਦੇ ਹਨ। ਪਰ ਫਿਰ ਵੀ ਉਹਨਾਂ ਦੇ ਅਵਚੇਤਨ ਵਿਚੋਂ ਆਪਣਾ ਪੰਜਾਬ ਨਹੀਂ ਵਿਸਰਦਾ, ਆਪਣੇ ਘਰ ਪਰਿਵਾਰ ਦੇ ਵਿਛੋੜੇ ਵਿਚ ਉਹਨਾਂ ਦੇ ਅੰਦਰੋਂ ਕੁਝ ਨਾ ਕੁਝ ਟੁੱਟਦਾ ਰਹਿੰਦਾ ਹੈ। ਅਜਿਹੀਆਂ ਹੀ ਸਥਿਤੀਆਂ ਦੇ ਚੱਕਰਵਿਊ ਵਿਚ ਪਿਆ ਪਰਮਿੰਦਰ ਆਖਦਾ ਹੈ-

> "ਊ ਘਣੀਏ ਤਾਂ ਆਪਾਂ ਪੂਛਾਂ ਚੁਕਾਈਆਂ ਹੋਈਆਂ। ਪੈਸਿਆਂ ਦੀਆਂ ਨ੍ਹੇਰੀਆਂ ਲਿਆ ਦਿਆਂਗੇ। ਜੱਟ ਦੀ ਕੋਠੀ ਸਭ ਤੋਂ ਸਿਰ ਕੱਢਵੀਂ ਬਣੂ। ਚੱਲ ਏਥੇ ਨਾ ਸਹੀ। ਉਧਰ ਤਾਂ ਆਪਣੀ ਪੂਰੀ ਝੰਡੀ ਆ। ਬਾਬੇ ਦੀ ਜੂਨੀਵਰਸਿਟੀ 'ਚੋਂ ਟੋਲ ਕੇ ਲਿਆਵਾਂਗੇ ਕੋਈ ਸੁਲਫ਼ੇ ਦੀ ਲਾਟ ਵਰਗੀ। ਇਕ ਵਾਰ ਪੱਕੇ ਹੋ ਜਾਈਏ ਕਿਸੇ ਨਾ ਕਿਸੇ ਤਰ੍ਹਾਂ। ਭਾਵੇਂ ਬੁੱਢੜ ਮੇਮ ਈ ਮਿਲ ਜਾਵੇ ਰਾਜੂ ਵਾਂਗੂ। ਫਿਰ ਖੇਡੂ ਕਾਂਟੋ ਫੁੱਲਾਂ 'ਤੇ।" (ਪੰਨਾ 192)

ਬਰਤਾਨੀਆਂ ਵਿਚ ਰਹਿ ਰਹੇ ਗੈਰ-ਕਾਨੂੰਨੀ ਪਰਵਾਸੀ ਪੰਜਾਬੀ ਉਥੇ ਪਹਿਲਾਂ ਸਥਾਪਤ ਹੋ ਚੁੱਕੇ ਪਰਵਾਸੀ ਪੰਜਾਬੀਆਂ ਵੱਲੋਂ ਹਰ ਤਰ੍ਹਾਂ ਵਰਤੇ ਜਾਂਦੇ ਹਨ। ਉਹ ਨਵੇਂ ਗਏ ਪਰਵਾਸੀਆਂ ਤੋਂ ਕੰਮ ਜ਼ਿਆਦਾ ਕਰਵਾਉਂਦੇ ਹਨ ਪਰ ਮਜ਼ਦੂਰੀ ਘੱਟ ਦਿੰਦੇ ਹਨ। ਜਿਨ੍ਹਾਂ ਕੰਮਾਂ ਨੂੰ ਉਥੋਂ ਦੇ ਮੂਲ ਵਾਸੀ ਪਸੰਦ ਨਹੀਂ ਕਰਦੇ ਉਹ ਕੰਮ ਨਵੇਂ ਗਏ ਪਰਵਾਸੀ ਪੰਜਾਬੀਆਂ ਨੂੰ ਦਿੱਤਾ ਜਾਂਦਾ ਹੈ। ਜੇ ਉਹ ਅਜਿਹੇ ਕੰਮ ਕਰਨ ਤੋਂ ਇਨਕਾਰ ਕਰਦੇ ਹਨ ਤਾਂ ਉਹਨਾਂ ਦੀ ਸ਼ਿਕਾਇਤ ਕਰਨ ਤੇ ਫਿਰ 'ਡੀਪੋਰਟ' ਕਰਨ ਦਾ ਡਰਾਵਾ ਦਿੱਤਾ ਜਾਂਦਾ ਹੈ ਜਿਸ ਕਰਕੇ ਲੱਖ ਮੁਸੀਬਤਾਂ ਸਹਿ ਕੇ ਇਥੇ ਪਹੁੰਚੇ ਪੰਜਾਬੀ ਅਜਿਹੇ ਘਟੀਆ ਦਰਜੇ ਦੇ ਕੰਮ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ ਪਰ ਅੰਦਰੋਂ-ਅੰਦਰੀਂ ਕੁਲਝਦੇ ਰਹਿੰਦੇ ਹਨ। ਪੰਜਾਬ ਵਿਚ ਰਹਿੰਦੇ ਇਹ ਅਖੌਤੀ ਸਵਰਨ ਜਾਤੀਆਂ ਦੇ ਲੋਕ ਪੱਛਮ ਦੇ

ਅਤਿਵਿਸਕਤ ਮੁਲਕਾਂ ਵਿਚ ਆ ਕੇ ਨੀਵੇਂ ਦਰਜੇ ਵਿਚ ਜਿਉਣ ਲਈ ਮਜਬੂਰ ਹੋ ਜਾਂਦੇ ਹਨ ਤੇ ਹੀਣ ਭਾਵਨਾ ਦੇ ਸ਼ਿਕਾਰ ਹੋ ਜਾਂਦੇ ਹਨ। ਹਥਲੀ ਰਚਨਾ ਵਿਚ ਰੇਸ਼ਮ ਨਾਂ ਦਾ ਪਾਤਰ ਵੀ ਅਜਿਹੀ ਸਥਿਤੀ ਦਾ ਸੰਤਾਪ ਭੋਗ ਰਿਹਾ ਹੈ। ਉਹ ਆਖਦਾ ਹੈ-

> "ਬਹੁਤ ਵਖਤਾਂ ਨਾਲ ਏਥੇ ਪਹੁੰਚੇ। ਇਕ ਦੋ ਵਾਰ ਤਾਂ ਮੌਤ ਕੰਨ੍ਹਾਂ ਨੇੜਿਉਂ ਲੰਘੀ। ਸੋਚ ਕੇ ਤੁਰੇ ਸਾਂ, ਮਰ ਭਾਮੇਂ ਜਾਈਏ, ਪਿੱਛੇ ਨ੍ਹੀਂ ਮੁੜਨਾ। ਬਸ ਕਿਮੇਂ ਨਾ ਕਿਮੇਂ ਪਹੁੰਚਗੇ। ਹੁਣ ਨ੍ਹੀਂ ਪੌਂਡਾਂ ਤੋਂ ਬਿਨਾਂ ਕੁਝ ਦੀਹਦਾ। ਆਪਣੇ ਬੰਦੇ ਜਾਦਾ ਕਮੀਨੇ। ਬੰਦੇ ਦਾ ਲਹੂ ਨਿਚੋੜ ਛੱਡਦੇ। ਖੜ੍ਹੀ ਲੱਤੇ ਬਾਰ੍ਹਾਂ-ਬਾਰ੍ਹਾਂ ਘੰਟੇ ਕੰਮ। ਪੈਸਿਆਂ ਵੇਲੇ ਜਾਨ ਨਿਕਲਦੀ। ਸਾਰਾ ਦਿਨ ਮਾਸ ਕੱਟ-ਕੱਟ ਸ਼ਾਮੀਂ ਕੁਝ ਖਾਣ ਨੂੰ ਜੀਅ ਨ੍ਹੀਂ ਕਰਦਾ। ਰੋਟੀ ਦੀ ਬੁਰਕੀ ਵੀ ਲੋਥੜਾ ਜਿਹਾ ਲਗਦੀ। ਜ਼ਿਮੀਂਦਾਰਾਂ ਦੇ ਪੁੱਤ ਕਸਾਈ ਬਣਗੇ।" (ਪੰਨਾ 190)

ਪਰਵਾਸੀ ਪੰਜਾਬੀ ਭਾਈਚਾਰੇ ਵਿਚ ਕੁਝ ਅਜਿਹੇ ਪਰਵਾਸੀ ਵੀ ਹਨ ਜਿਹੜੇ ਵਿਆਹੇ-ਵਰ੍ਹੇ ਤੇ ਬਾਲ-ਬੱਚੇ ਵਾਲੇ ਹਨ। ਪਰ ਘਰ ਦੀਆਂ ਮਾੜੀਆਂ ਆਰਥਿਕ ਹਾਲਤਾਂ ਨੇ ਪਰਵਾਸ ਧਾਰਨ ਕਰਨ ਲਈ ਮਜ਼ਬੂਰ ਕਰ ਦਿੱਤਾ। ਉਹ ਬਰਤਾਨੀਆਂ ਵਿਚ ਅਤਿ ਘਿਨਾਉਣੀ ਜ਼ਿੰਦਗੀ ਜਿਉਂਦੇ ਆਪਣੀ ਪਤਨੀ ਤੇ ਬੱਚਿਆਂ ਦੀ ਯਾਦ ਸਹਾਰੇ ਦਿਨ ਕਟੀ ਕਰ ਰਹੇ ਹਨ। ਉਹਨਾਂ ਦੇ ਅੰਦਰ ਵੀ ਇਕ ਆਸ ਹੈ ਕਿ ਉਹ ਪੱਕੇ ਹੋਣ ਤੋਂ ਬਾਅਦ ਆਪਣੀ ਪਤਨੀ ਤੇ ਬੱਚਿਆਂ ਨੂੰ ਇਥੇ ਬੁਲਾ ਲੈਣਗੇ ਤੇ ਨਾਲੇ ਆਪਣੇ ਘਰ-ਪਰਿਵਾਰ ਤੇ ਪਿੰਡ ਜਾ ਆਉਣਗੇ। ਪਰ ਸਥਿਤੀ ਦੀ ਵਿਡੰਬਣਾ ਇਹ ਹੈ ਕਿ ਪੱਕੇ ਹੋਣ ਦੇ ਆਸਾਰ ਕਿਤੇ ਨਜ਼ਰ ਨਹੀਂ ਆਉਂਦੇ, ਜਿਸ ਕਰਕੇ ਇਹ ਪਰਵਾਸੀ ਅਤਿ ਦੁਖਾਂਤਕ ਸਥਿਤੀਆਂ ਵਿਚੋਂ ਗੁਜ਼ਰ ਰਹੇ ਹਨ। ਹਥਲੀ ਰਚਨਾ ਵਿਚ ਰੇਸ਼ਮ ਨਾਂ ਦੇ ਪਾਤਰ ਨੂੰ ਆਪਣੀ ਪਤਨੀ ਤੇ ਬੱਚਿਆਂ ਕੋਲੋਂ ਆਇਆਂ ਬਾਰਾਂ-ਤੇਰਾਂ ਸਾਲ ਹੋ ਗਏ ਹਨ। ਉਹ ਅਜਿਹੀਆਂ ਬਨਵਾਸੀਆਂ ਸਥਿਤੀਆਂ ਦਾ ਭਾਗੀ ਬਣਿਆ ਝੁਹੇਰਵੇ ਦਾ ਸ਼ਿਕਾਰ ਹੋਇਆ ਆਖਦਾ ਹੈ-

> "ਬਨਵਾਸ ਜਿਹ ਬਨਵਾਸ। ਐਨੇ ਸਾਲ ਹੋਗੈ ਨਿਆਣਿਆਂ ਦਾ ਮੂੰਹ ਤੱਕਿਆਂ। ਪਿੱਛੋਂ ਈ ਪੜ੍ਹ-ਜੁਆਨ ਹੋਏ। ਇਹ ਸੋਚਦਾਂ ਤਾਂ ਖੱਬੇ ਬੰਨਿਉਂ ਧੂੰਅ ਜਿਹਾ ਨਿਕਲਦਾ। ਚੰਗਾ ਐ ਬੰਦਾ ਸੋਚੇ ਈ ਨਾ। ਮੈਂ ਵੀ ਨ੍ਹੀ ਸੋਚਦਾ। ਇਉਂ ਸੋਚੀਏ ਫਿਰ ਕਿਥੇ ਹੁੰਦੀਆਂ ਕਮਾਈਆਂ। ਪ੍ਰਦੇਸਾਂ 'ਚ ਕਿਹੜਾ ਐਵੇਂ ਆ ਹੁੰਦਾ। ਕੇਸ ਅਜੇ ਅੜ੍ਹਿਆ। ਹੁਣ ਕੁਝ ਬਣੀ ਆ ਆਸ। ਵਕੀਲ ਕਹਿੰਦਾ ਛੇ ਮਹੀਨੇ 'ਚ ਬਣ ਜਾਣਾ ਕੰਮ। ਆਪਾਂ ਤਾਂ ਅਗਲੇ ਦਿਨ ਈ ਉਡ ਕੇ ਇੰਡੀਆ ਪਹੁੰਚ ਜਾਣਾ।" (ਪੰਨਾ 189)

ਇਉਂ ਗੈਰ-ਕਾਨੂੰਨੀ ਤੌਰ 'ਤੇ ਬਰਤਾਨੀਆਂ ਵਿਚ ਰਹਿ ਰਹੇ ਪਰਵਾਸੀ ਪੰਜਾਬੀ

ਗਹਿਰੇ ਅੰਤਰ-ਸਭਿਆਚਾਰਕ ਦਵੰਦਾਂ ਦਾ ਸ਼ਿਕਾਰ ਹੁੰਦੇ ਹਨ ਕਿਉਂਕਿ ਇਸ ਮੁਲਕ ਦਾ ਮੁੱਖ ਸਭਿਆਚਾਰ ਉਹਨਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ ਪਰ ਆਪਣੇ ਅਵਚੇਤਨੀ ਪੱਧਰ 'ਤੇ ਉਹ ਪੰਜਾਬੀ ਸਭਿਆਚਾਰ ਵਿਚ ਵਿਚਰਦੇ ਹਨ। ਇਸ ਤਰ੍ਹਾਂ ਦੂਹਰੇ ਪ੍ਰਤੀਮਾਨਾਂ ਵਿਚ ਵਿਚਰਦੇ ਇਹ ਆਪਣੇ ਆਪ ਨੂੰ ਗਹਿਰੇ ਸਭਿਆਚਾਰਕ ਸੰਕਟ ਦੇ ਮੂੰਹ ਆਏ ਮਹਿਸੂਸ ਕਰਦੇ ਹਨ। ਉਹਨਾਂ ਦੀ ਸਥਿਤੀ ਅਜਿਹੀ ਹੈ ਕਿ ਉਹ ਜੋ ਚਾਹੁੰਦੇ ਹਨ ਉਹ ਮਿਲਦਾ ਨਹੀਂ ਤੇ ਜੋ ਉਹਨਾ ਨੂੰ ਮਿਲਦਾ ਹੈ ਉਸ ਨੂੰ ਉਹ ਚਾਹੁੰਦੇ ਨਹੀਂ। ਇਸ ਤਰ੍ਹਾਂ ਉਹ ਦੂਹਰੇ ਸਭਿਆਚਾਰਕ ਮਾਪਦੰਡਾਂ ਨਾਲ ਦੋ-ਚਾਰ ਹੋ ਰਹੇ ਹਨ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਥਿੰਦ ਦਾ ਸਫ਼ਰਨਾਮਾ **ਲੰਡਨ ਨੂੰ ਮਿਲਦਿਆਂ** ਬਰਤਾਨੀਆਂ ਵਿਚ ਪਰਵਾਸ ਹੰਢਾ ਰਹੇ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਔਕੜਾਂ, ਮੁਸੀਬਤਾਂ, ਦੁਸ਼ਵਾਰੀਆਂ, ਸੰਕਟਾਂ ਆਦਿ ਦੀ ਨਿਸ਼ਾਨਦੇਹੀ ਕਰਦਾ ਮਹੱਤਵਪੂਰਨ ਦਸਤਾਵੇਜ਼ ਹੈ। ਇਹ ਰਚਨਾ ਪਰਵਾਸੀ ਪੰਜਾਬੀ ਦੇ ਪਰਵਾਸ ਧਾਰਨ ਪਿੱਛੇ ਉਹਨਾਂ ਦੇ ਆਪਸੀ ਪਰਿਵਾਰਕ ਵੰਡ ਕਾਰਨ ਘਟਦੀ ਜ਼ਮੀਨ, ਟੁੱਟਦੀ ਆਰਥਿਕਤਾ, ਮੰਦਹਾਲੀ, ਬੇਰੁਜ਼ਗਾਰੀ, ਅਣਪੜ੍ਹਤਾ ਆਦਿ ਨੂੰ ਰਜਿਸਟਰ ਕਰਦੀ ਹੋਈ ਜਾਅਲੀ ਪਰਵਾਸ ਦੇ ਜ਼ੋਖਮ, ਏਜੰਟਾਂ ਦੇ ਧੱਕੇ, ਰਾਹ ਵਿਚ ਆਈਆਂ ਔਕੜਾਂ/ਮੁਸੀਬਤਾਂ ਰਾਹ ਵਿਚ ਹੀ ਮਰ-ਮੁੱਕ ਜਾਣ ਅਤੇ ਮਨੁੱਖੀ ਸਮਗਲਿੰਗ ਆਦਿ ਦੀ ਨਿਸ਼ਾਨਦੇਹੀ ਕਰਦੀ ਹੈ। ਪੂਰਬੀ ਤੇ ਪੱਛਮੀ ਜੀਵਨ ਸ਼ੈਲੀਆਂ ਦੇ ਆਪਸੀ ਦਵੰਦ, ਨਸਲੀ ਵਿਤਕਰਾ, ਪੀੜ੍ਹੀ ਪਾੜਾ, ਨੌਜਵਾਨ ਪੀੜ੍ਹੀ ਦੀ ਸਮੱਸਿਆ, ਬਜ਼ੁਰਗ ਪਰਵਾਸੀਆਂ ਦੀ ਦੁਖਦਾਈ ਸਥਿਤੀ, ਪਰਵਾਸੀਆਂ ਦੀ ਆਪਣਿਆਂ ਹੱਥੋਂ ਹੁੰਦੀ ਲੁੱਟ-ਖੋਹ, ਸਭਿਆਚਾਰਕ ਪਾੜਾ, ਔਰਤਾਂ ਦੀ ਕੰਮਾਂ ਵਿਚ ਨਪੀੜੀ ਹੋਂਦ, ਲਿੰਗ ਖੁੱਲ੍ਹਾਂ ਦੀ ਸਮੱਸਿਆ, ਪਰਵਾਸੀਆਂ ਦੀਆਂ ਗੈਰ ਕਾਨੂੰਨੀ ਢੰਗ ਨਾਲ ਰਹਿਣ ਦੀਆਂ ਮੁਸ਼ਕਿਲਾਂ, ਪਰਿਵਾਰਕ ਟੁੱਟ ਭੱਜ, ਰਿਸ਼ਤਿਆਂ ਵਿਚਲੀ ਤਿੜਕਣ, ਵਿਆਹ ਪ੍ਰਬੰਧ ਦਾ ਪਤਨ, ਪਰਵਾਸੀਆਂ ਦੀ ਸਵੈ ਹੋਂਦ ਨੂੰ ਖਤਰਾ, ਪੰਜਾਬੀ ਕੁੜੀਆਂ ਦਾ ਬੇਮੁਹਾਰਾ ਹੋਣਾ ਆਦਿ ਅਨੇਕਾਂ ਕਾਰਨ ਹਨ ਜੋ ਇਸ ਰਚਨਾ ਵਿਚ ਪਰਵਾਸੀ ਪੰਜਾਬੀ ਭਾਈਚਾਰੇ ਨੂੰ ਅੰਤਰ-ਸਭਿਆਚਾਰਕ ਦਵੰਦਾਂ ਦੀ ਹੋਣੀ ਭੋਗਦੇ ਚਿਤਰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਡਾ. ਸੁਰਜੀਤ ਬਰਾੜ, **ਲੰਡਨ ਦਾ ਬੋਧ** : ਲੰਡਨ ਨੂੰ ਮਿਲਦਿਆਂ
2. ਡਾ. ਬਲਕਾਰ ਸਿੰਘ, **ਡਾਇਸਪੋਰਾ ਅਤੇ ਪੰਜਾਬੀ ਬਿਰਤਾਂਤ**, ਪੰਨਾ 132
3. ਡਾ. ਸੁਖਵਿੰਦਰ ਸਿੰਘ ਰੰਧਾਵਾ, ਸਿਰਜਣਾ ਕੇਂਦਰ, ਕਪੂਰਥਲਾ ਵਿਖੇ ਹੋਈ ਗੋਸ਼ਟੀ ਦੀ ਗੱਲਬਾਤ ਵਿਚੋਂ, ਸ਼ਬਦ ਤ੍ਰੈਮਾਸਕ, ਅਪ੍ਰੈਲ-ਜੂਨ 2004, ਪੰਨਾ 90-100

4. ਡਾ. ਸੁਰਜੀਤ ਬਰਾੜ, ਉਹੀ ਰਚਨਾ
5. ਵਰਿਆਮ ਸੰਧੂ, ਸਿਰਜਣਾ ਕੇਂਦਰ ਕਪੂਰਥਲਾ ਵਿਖੇ ਹੋਈ ਗੋਸ਼ਟੀ ਦੀ ਗੱਲਬਾਤ ਵਿਚੋਂ, ਸ਼ਬਦ ਤ੍ਰੈਮਾਸਕ, ਅਪ੍ਰੈਲ-ਜੂਨ 2004, ਪੰਨਾ 96
6. ਡਾ ਐਸ.ਪੀ. ਸਿੰਘ, **ਪਰਵਾਸੀ ਪੰਜਾਬੀ ਸਾਹਿਤ** : ਪੁਨਰ ਸੰਵਾਦ, ਪੰਨਾ 11
7. ਕੰਵਲਪ੍ਰੀਤ ਕੌਰ, **ਪਰਵਾਸੀ ਪੰਜਾਬੀ ਸਾਹਿਤ** : ਪੁਨਰ ਸੰਵਾਦ, ਪੰਨਾ 61
8. ਡਾ ਪ੍ਰੀਤਮ ਸਿੰਘ ਕੈਂਬੋ, **ਬਦੇਸ਼ੀ ਪੰਜਾਬੀ ਸਾਹਿਤ**, ਪੰਨਾ 140
9. ਡਾ. ਸੁਰਜੀਤ ਬਰਾੜ, ਉਹੀ ਰਚਨਾ

-o-

ਪੰਜਾਬੀ ਵਿਚ ਸਫਰਨਾਮਾ ਲਿਖਤਾਂ ਦਾ ਇਕ ਪੂਰਾ ਇਤਿਹਾਸ ਅਤੇ ਪਰੰਪਰਾ ਹੈ। ਇਸ ਪਰੰਪਰਾ ਵਿਚ ਥਿੰਦ ਦੀਆਂ ਇਹ ਲਿਖਤਾਂ ਗਿਣਾਤਮਕ ਅਤੇ ਗੁਣਾਤਮਕ ਵਾਧਾ ਕਰਦੀਆਂ ਹਨ। ਪਾਠਕਾਂ ਅਤੇ ਆਲੋਚਕਾਂ ਨੇ ਇਨ੍ਹਾਂ ਦਾ ਭਰਵਾਂ ਸੁਆਗਤ ਕੀਤਾ ਹੈ। ਇਨ੍ਹਾਂ ਲਿਖਤਾਂ ਤੋਂ ਸੁਖਪਾਲ ਦੀ ਇਕ ਵੱਖਰੀ ਵਾਰਤਕ ਸ਼ੈਲੀ ਦੀ ਪਛਾਣ ਅਤੇ ਨਿਸ਼ਾਨਦੇਹੀ ਹੁੰਦੀ ਹੈ। ਇਸ ਨਿਸ਼ਾਨਦੇਹੀ ਵਿਚ ਤਕਰੀਬਨ ਹਰ ਪਾਠਕ ਅਤੇ ਵਿਦਵਾਨ ਨੇ ਇਹ ਮੰਨਿਆ ਹੈ ਕਿ ਇਹ ਲਿਖਤਾਂ ਵਾਰਤਕ ਅਤੇ ਗਲਪ ਦਾ ਸੁਮੇਲ ਹਨ। ਇਸ ਕਰਕੇ ਸਫਰਨਾਮਾ ਸੰਰਚਨਾ ਵਿਚ ਇਕ ਵਿਸਥਾਰ ਵਾਪਰਿਆ ਹੈ। ਇਹ ਵਿਸਥਾਰ ਸਫਰਨਾਮੇ ਦੀ ਦ੍ਰਿਸ਼ ਸਿਰਜਣਾ ਤੱਕ ਮਹਿਦੂਦ ਨਹੀਂ ਸਗੋਂ ਇਕ ਵਿਸ਼ਲੇਸ਼ਣੀ ਬਿਰਤੀ ਹੈ ਜੋ ਦ੍ਰਿਸ਼ ਦੇ ਪਿਛੋਕੜ ਵਿਚ ਕਾਰਜ ਕਰ ਰਹੇ ਵਰਤਾਰਿਆਂ ਨੂੰ ਸਮਝਣ ਵਾਲੀ ਹੈ।

**ਡਾ. ਬਲਕਾਰ ਸਿੰਘ**

unistarbooks.com

**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: +91-172-5077427, 5077428, 5089761
**Ludhiana** : Punjabi Bhawan • +9198154 71219

ISBN 978-93-5017-236-0
9 789350 172360
₹300/-